ੴ ਵਾਹਿਗੁਰੂ ਜੀ ਕੀ ਫ਼ਤਹਿ॥

# ਗੁਰਮਤਿ ਪ੍ਰਸਾਰ ਪੱਤਰ

ਲੜੀ/ਅੰਕ ਨੰ: 19/12 ਦਸੰਬਰ 2019 – ਨਾਨਕਸ਼ਾਹੀ ਮੱਘਰ-ਪੋਹ 551

## ਇਤਿਹਾਸਿਕ ਦਿਹਾੜੇ

### ਦਸੰਬਰ 2019 ਅਤੇ ਜਨਵਰੀ 2020

| | |
|---|---|
| ਸ਼ਹੀਦੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | 1 ਦਸੰਬਰ |
| ਜਨਮ ਸਾਹਿਬਜ਼ਾਦਾ ਫਤਿਹ ਸਿੰਘ ਜੀ | 14 ਦਸੰਬਰ |
| ਸ਼ਹੀਦੀ ਵੱਡੇ ਸਾਹਿਬਜ਼ਾਦੇ ਅਤੇ ਚਮਕੌਰ ਸਾਹਿਬ ਦੇ ਹੋਰ ਸ਼ਹੀਦ | 23 ਦਸੰਬਰ |
| ਸ਼ਹੀਦੀ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ | 28 ਦਸੰਬਰ |
| ਪ੍ਰਕਾਸ਼ ਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ | 2 ਜਨਵਰੀ |
| ਚਾਬੀਆਂ ਦਾ ਮੋਰਚਾ | 14 ਜਨਵਰੀ |
| ਨੀਹ ਪੱਥਰ ਸ੍ਰੀ ਹਰਿਮੰਦਰ ਸਾਹਿਬ | 20 ਜਨਵਰੀ |
| ਜਨਮ ਦਿਹਾੜਾ ਬਾਬਾ ਦੀਪ ਸਿੰਘ ਜੀ | 27 ਜਨਵਰੀ |

www.gurmatparsar.com

ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)

ਰਜਿਸਟਰਡ ਆਫਿਸ : #1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803

ਕਾਰਜਕਾਰੀ ਦਫਤਰ : ਗੁਰਮਤਿ ਪ੍ਰਸਾਰ ਭਵਨ, ਛੱਜੂਮਾਜਰਾ ਰੋਡ,

ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ, ਫੋਨ: 0160-5009844, 94171-90438

Join us at Facebook or mail at : gurmatparsar7@gmail.com

# ਪੋਖਿ ਤੁਖਾਰੁ ਨ ਵਿਆਪਈ .........॥ (ਜੀਵਨ - ਜੁਗਤਿ)

ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ ॥
ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ ॥
ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ ॥
ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ ॥
ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ ॥
ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ ॥
ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ ॥
ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ ॥
ਪੋਖੁ ਸੋੁਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ ॥

ਮਾਝ ਬਾਰਹਮਾਹਾ (ਮਃ ੫) - ਅੰਗ ੧੩੫

ਪਦ ਅਰਥ:-ਪੋਖਿ-ਪੋਹ ਮਹੀਨੇ ਵਿਚ ॥ ਤੁਖਾਰੁ-ਕੱਕਰ, ਕੋਰਾ । ਨ ਵਿਆਪਈ-ਜੋਰ ਨਹੀਂ ਪਾਂਦਾ । ਕੰਠਿ-ਗਲ ਵਿਚ, ਗਲ ਨਾਲ (ਹਿਰਦੇ ਵਿਚ) । ਨਾਹੁ-ਨਾਥ, ਖਸਮ, ਪਤੀ । ਬੇਧਿਆ-ਵਿੰਨ੍ਹਿਆ ਜਾਂਦਾ ਹੈ । ਚਰਨਾਰਬਿੰਦ-ਚਰਨ-ਅਰਬਿੰਦ, ਚਰਨ ਕਮਲ । ਦਰਸਨਿ-ਦੀਦਾਰ ਵਿਚ । ਸਾਹੁ-ਇਕ ਇਕ ਸਾਹ, ਬ੍ਰਿਤੀ । ਲਾਹੁ-ਲਾਭ । ਬਿਖਿਆ-ਮਾਇਆ । ਸਾਧੂ-ਗੁਰੂ । ਗੁਣ ਗਾਹੁ-ਗੁਣਾਂ ਦੀ ਵਿਚਾਰ, ਗੁਣਾਂ ਵਿਚ ਚੁੱਭੀ । ਜਹ ਤੇ-ਜਿਸ ਪ੍ਰਭੂ ਤੋਂ । ਸਮਾਹੁ-ਲਿਵ । ਕਰੁ-ਹੱਥ । ਗਹਿ-ਫੜ ਕੇ । ਪਾਰਬ੍ਰਹਮਿ-ਪਾਰਬ੍ਰਹਮ ਨੇ । ਬਾਰਿ ਜਾਉ-ਮੈਂ ਵਾਰਨੇ ਜਾਂਦੀ ਹਾਂ । ਬੇਰੀਆ-ਵਾਰੀ । ਅਗਮ-ਅਪਹੁੰਚ । ਅਗਾਹੁ-ਅਗਾਧ, ਡੂੰਘੇ ਜਿਗਰੇ ਵਾਲਾ । ਸਰਮ-ਲਾਜ । ਸਰਮ ਪਈ-ਇੰਜ਼ਤ ਰੱਖਣੀ ਪਈ । ਦਰਿ-ਦਰ ਉੱਤੇ । ਸੋੁਹੰਦਾ-{ਅਸਲ ਲਫ਼ਜ਼ 'ਸੋਹੰਦਾ' ਹੈ, ਪਾਠ 'ਸੁਹੰਦਾ' ਕਰਨਾ ਹੈ । ਅੱਖਰ 'ਸ' ਦੇ ਨਾਲ ੋ ਅਤੇ ੁ ਦੋਵੇ ਲਗਾਂ ਵਰਤੀਆਂ ਹਨ॥}ਸੋਹਣਾ ਲੱਗਦਾ ਹੈ ।

ਅਰਥ :- ਪੋਹ ਦੇ ਮਹੀਨੇ ਜਿਸ ਜੀਵ-ਇਸਤ੍ਰੀ ਦੇ ਗਲ ਨਾਲ (ਹਿਰਦੇ ਵਿਚ) ਪ੍ਰਭੂ-ਪਤੀ ਲੱਗਾ ਹੋਇਆ ਹੋਵੇ ਉਸ ਨੂੰ ਕੱਕਰ (ਮਨ ਦੀ ਕਠੋਰਤਾ, ਕੋਰਾਪਨ) ਜੋਰ ਨਹੀਂ ਪਾ ਸਕਦਾ, (ਕਿਉਂਕਿ) ਉਸਦੀ ਬ੍ਰਿਤੀ ਪ੍ਰਭੂ ਦੇ ਦੀਦਾਰ ਦੀ ਤਾਂਘ ਵਿਚ ਜੁੜੀ ਰਹਿੰਦੀ ਹੈ, ਉਸ ਦਾ ਮਨ ਪ੍ਰਭੂ ਦੇ ਸੋਹਣੇ ਚਰਨਾਂ ਵਿਚ ਵਿੱਝਾ ਰਹਿੰਦਾ ਹੈ

ਜਿਸ ਜੀਵ-ਇਸਤ੍ਰੀ ਨੇ ਗੋਬਿੰਦ ਗੋਪਾਲ ਦਾ ਆਸਰਾ ਲਿਆ ਹੈ, ਉਸ ਨੇ ਪ੍ਰਭੂ-

ਪਤੀ ਦੀ ਸੇਵਾ ਦਾ ਲਾਭ ਖੱਟਿਆ ਹੈ, ਮਾਇਆ ਉਸ ਨੂੰ ਪੋਹ ਨਹੀਂ ਸਕਦੀ, ਗੁਰੂ ਨੂੰ ਮਿਲ ਕੇ ਉਸ ਨੇ ਪ੍ਰਭੂ ਦੀ ਸਿਫ਼ਤਿ-ਸਾਲਾਹ ਵਿਚ ਚੁੱਭੀ ਲਾਈ ਹੈ। ਜਿਸ ਪਰਮਾਤਮਾ ਤੋਂ ਉਸ ਨੇ ਜਨਮ ਲਿਆ ਹੈ, ਉਸੇ ਵਿਚ ਉਹ ਜੁੜੀ ਰਹਿੰਦੀ ਹੈ, ਉਸ ਦੀ ਲਿਵ ਪ੍ਰਭੂ ਦੀ ਪ੍ਰੀਤ ਵਿਚ ਲੱਗੀ ਰਹਿੰਦੀ ਹੈ। ਪਾਰਬ੍ਰਹਮ ਨੇ (ਉਸ ਦਾ) ਹੱਥ ਫੜ ਕੇ (ਉਸ ਨੂੰ ਆਪਣੇ ਚਰਨਾਂ ਵਿਚ) ਜੋੜਿਆ ਹੁੰਦਾ ਹੈ, ਉਹ ਮੁੜ (ਉਸ ਦੇ ਚਰਨਾਂ ਤੋਂ) ਵਿੱਛੜਦੀ ਨਹੀਂ। (ਪਰ) ਉਹ ਸੱਜਣ ਪ੍ਰਭੂ ਬੜਾ ਅਪਹੁੰਚ ਹੈ, ਬੜਾ ਡੂੰਘਾ ਹੈ, ਮੈਂ ਉਸ ਤੋਂ ਲਖ ਵਾਰੀ ਕੁਰਬਾਨ ਹਾਂ। ਹੇ ਨਾਨਕ ! (ਉਹ ਬੜਾ ਦਿਆਲ ਹੈ) ਦਰ ਉੱਤੇ ਡਿੱਗਿਆਂ ਦੀ ਉਸ ਪ੍ਰਭੂ ਨੂੰ ਇੱਜ਼ਤ ਰੱਖਣੀ ਹੀ ਪੈਂਦੀ ਹੈ।

ਜਿਸ ਉੱਤੇ ਉਹ ਬੇ-ਪਰਵਾਹ ਪ੍ਰਭੂ ਮਿਹਰ ਕਰਦਾ ਹੈ, ਉਸ ਨੂੰ ਪੋਹ ਦਾ ਮਹੀਨਾ ਸੁਹਾਵਣਾ ਲੱਗਦਾ ਹੈ ਉਸ ਨੂੰ ਸਾਰੇ ਹੀ ਸੁਖ ਮਿਲ ਜਾਂਦੇ ਹਨ।੧੧॥

## ਸਭੈ ਘਟ ਰਾਮੁ ਬੋਲੈ ਰਾਮਾ ਬੋਲੈ॥

**ਪ੍ਰਿੰ: ਨਰਿੰਦਰ ਬੀਰ ਸਿੰਘ**

ਵਾਹਿਗੁਰੂ ਅਕਾਲ ਪੁਰਖ ਜ਼ਰੇ-ਜ਼ਰੇ ਵਿੱਚ ਸਮਾਇਆ ਹੋਇਆ ਹੈ। ਉਸ ਪ੍ਰਮਾਤਮਾ ਤੋਂ ਬਿਨ੍ਹਾਂ ਸੰਸਾਰ ਵਿੱਚ ਕੁਝ ਵੀ ਨਹੀਂ। ਦਿੱਸਦੇ ਸੰਸਾਰ ਵਿੱਚ ਜੋ ਕੁਝ ਵੀ ਹਰਕਤ ਵਿੱਚ ਹੈ, ਗਤੀਸ਼ੀਲ ਹੈ ਉਹ ਕੇਵਲ ਤੇ ਕੇਵਲ ਪ੍ਰਭੂ ਪ੍ਰਮਾਤਮਾ ਕਰਕੇ ਹੀ ਹੈ।

ਸਭੈ ਘਟ ਰਾਮੁ ਬੋਲੈ ਰਾਮਾ ਬੋਲੈ॥ ਰਾਮ ਬਿਨਾ ਕੋ ਬੋਲੈ ਰੇ ॥੧॥ ਰਹਾਉ ॥
ਮਾਲੀ ਗਉੜਾ (ਭ. ਨਾਮਦੇਵ) - ਅੰਗ ੯੮੮

ਭਗਤ ਨਾਮਦੇਵ ਜੀ ਦੇ ਉਪਰੋਕਤ ਸ਼ਲੋਕ ਇਸ ਗਲ ਦੀ ਸੋਝੀ ਬਖਸ਼ਦਾ ਹੈ। ਉਸ ਪ੍ਰਭੂ ਪਰਮਾਤਮਾ ਦੀ ਸਰਬ ਵਿਆਪਕਤਾ ਨਾਲ ਮਨੁੱਖ ਨੂੰ ਜੋੜਦਾ ਹੈ। ਇਹ ਇੱਕ ਐਸਾ ਸਿਧਾਂਤ ਹੈ ਜਿਹੜਾ ਪੂਰੀ ਮਨੁੱਖਤਾ ਨੂੰ ਇੱਕ ਤਾਰ ਵਿੱਚ ਪ੍ਰੋ ਕੇ ਉਸ ਵਿੱਚ ਪ੍ਰੇਮ ਪਿਆਰ ਦੀ ਭਾਵਨਾ ਨੂੰ ਪੈਦਾ ਕਰਨ ਵਾਲਾ ਹੈ।

ਪਰ ਜਦੋਂ ਅੱਜ ਦੇ ਮਹੋਲ ਵੱਲ ਝਾਤ ਮਾਰਦੇ ਹਾਂ ਤਾਂ ਪ੍ਰਤੀਤ ਹੁੰਦਾ ਹੈ ਮਨੁੱਖ ਅੰਦਰ ਕਿਤਨੀ ਅਗਿਆਨਤਾ ਹੈ ਅਗਿਆਨਤਾ ਦਾ ਅੰਧੇਰਾ ਹੈ ਕਿ ਮਨੁੱਖ ਸਰਬ ਵਿਆਪੀ ਰਾਮੁ ਦੇ ਨਾਮ ਤੇ ਝਗੜੇ ਪਾ ਰਿਹਾ ਹੈ। ਮਨੁੱਖ ਮਨੁੱਖ ਵਿੱਚ ਵੰਡੀਆ ਪਾ ਰਿਹਾ ਹੈ ਅਤੇ ਇਸ ਸਾਰੀ ਕਿਰਿਆ ਵਿੱਚ ਅਨੇਕ ਮਨੁੱਖ ਅਪਣਾ ਬਹੁ ਮੁੱਲਾ ਜੀਵਨ ਗਵਾ ਬੈਠੇ ਹਨ।

ਮਨੁੱਖ ਦੀ ਸੋਚ ਕਿਤਨੀ ਛੋਟੀ ਹੋ ਗਈ ਹੈ। ਉਸ ਸਰਬ ਵਿਆਪੀ ਪ੍ਰਮਾਤਮਾ (ਰਾਮ) ਨੂੰ ਮਨੁੱਖ ਕਿਸੇ ਵਿਸ਼ੇਸ਼ ਅਸਥਾਨ ਤੇ, ਕਿਸੇ ਵਿਸ਼ੇਸ਼ ਹਦ ਬੰਦੀ ਵਿੱਚ ਅਤੇ ਕਿਸੇ

ਵਿਸ਼ੇਸ਼ ਉਚੀ/ਲੰਮੀ/ਮੋਟੀ ਮੂਰਤੀ ਵਿੱਚ ਕੈਦ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਕੋਰਟ ਕਚਹਿਰੀਆਂ ਤੱਕ ਝਗੜ ਰਿਹਾ ਹੈ।

ਛੋਟੀ ਸੋਚ ਦੇ ਮਨੁੱਖ ਨੂੰ ਕੌਣ ਸਮਝਾਵੇ ਕਿ ਉਸ ਪ੍ਰਮਾਤਮਾ ਰਾਮ ਨੂੰ "ਥਾਪਿਆ ਨ ਜਾਇ ਕੀਤਾ ਨ ਹੋਇ ॥ ਆਪੇ ਆਪਿ ਨਿਰੰਜਨੁ ਸੋਇ" ॥ ਜਪੁ (ਮਃ ੧) – ਅੰਗ ੨

ਕਿ ਨਾ ਉਸ ਨੂੰ ਬਣਾਇਆ ਜਾ ਸਕਦਾ ਹੈ ਨਾ ਉਸ ਨੂੰ ਕਿਧਰੇ ਟਿਕਾਇਆ ਜਾ ਸਕਦਾ ਹੈ ਉਹ ਤੇ ਅਪਣੇ ਆਪਿ ਵਿੱਚ ਭਰਪੂਰ ਹੈ ਸਰਬ ਵਿਆਪੀ ਹੈ ਉਸ ਦੀ ਸੀਮਾ / ਹਦ ਬੰਦੀ ਕਰਨੀ ਮਨੁੱਖ ਦੀ ਤਾਕਤ ਤੋਂ ਬਾਹਰ ਹੈ। ਪਰ ਮਨੁੱਖ ਕਿਹੜੇ ਅਨੇਰੇ ਵਿੱਚ ਵਿਚਰ ਰਿਹਾ ਹੈ ਜਿਸਨੂੰ ਗੁਰੂ ਸਾਹਿਬ ਦੇ ਫੁਰਮਾਨ ਅਨੁਸਾਰ ਗੁਰੂ ਦੇ ਗਿਆਨ ਦੇ ਪ੍ਰਕਾਸ਼ ਤੋਂ ਬਿਨ੍ਹਾਂ ਦੂਰ ਨਹੀਂ ਕੀਤਾ ਜਾ ਸਕਦਾ। ਗੁਰੂ ਅੰਗਦ ਪਾਤਸ਼ਾਹ ਫੁਰਮਾਉਂਦੇ ਹਨ।

**"ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥**
**ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥੨॥**

**– ਆਸਾ ਕੀ ਵਾਰ (ਮਃ ੨) – ਅੰਗ ੪੬੩**

ਅਰਥਾਤ –

**ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ ॥**
**ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ ॥**
**– ਸਵਈਏ ਮਹਲੇ ਚਉਥੇ ਕੇ (ਭਟ ਨਲ੍ਹ) – ਅੰਗ ੧੩੯੯**

ਅੱਜ ਲੋੜ ਹੈ ਗੁਰੂ ਦੀ ਬਾਣੀ ਦੇ ਪ੍ਰਚਾਰ ਰਾਹੀ ਇਹੋ ਜਿਹੇ ਭਰਮ ਭੁਲੇਖਿਆਂ ਨੂੰ ਦੂਰ ਕੀਤਾ ਜਾਵੇ ਅਤੇ ਮਨੁੱਖਤਾ ਮਨੁਖਤਾ ਵਿੱਚ ਵੈਰ ਵਿਰੋਧ, ਘ੍ਰਿਣਾ, ਨਫਰਤਾਂ ਆਦਿ ਦੀ ਭਾਵਨਾ ਦੀ ਥਾਂ ਪ੍ਰੇਮ ਪਿਆਰ ਅਤੇ ਆਪਸੀ ਮੇਲ ਮਿਲਾਪ ਨਾਲ ਜੀਵਨ ਬਤੀਤ ਕਰ ਜੀਵਨ ਸਫਲ/ਸੁਖਦ ਬਣਾ ਸਕੀਏ।

ਗੁਰਬਾਣੀ ਦਾ ਫੁਰਮਾਨ ਹੈ –

**ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥**
**ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥੧॥**
**– ਗੂਜਰੀ (ਮਃ ੩) – ਅੰਗ ੪੯੧**

ਰਾਮ–ਰਾਮ ਦਾ ਨਾਰਾ ਤੇ ਬੜਾ ਲੱਗਦਾ ਹੈ। ਹਰ ਸਾਲ ਰਾਮ ਦਾ ਸਰੂਪ ਬਣਾ ਕੇ ਰਾਮ ਲੀਲਾ ਵੀ ਖੇਡੀ ਜਾਂਦੀ ਹੈ। ਇਹ ਕਿਰਿਆ ਭਾਰਤ ਦੇ ਵੱਖ–ਵੱਖ ਸ਼ਹਿਰਾਂ ਵਿੱਚ

ਛੋਟੇ ਵਡੇ ਗਲੀ ਮੁਹੱਲੇ ਵਿੱਚ ਵੀ ਖੇਡੀ ਜਾਂਦੀ ਹੈ। ਇਹ ਗੱਲ ਮਨੁੱਖ ਦੀ ਸਮਝ ਤੋਂ ਬਾਹਰ ਹੈ ਕਿ ਜਿਸ ਵੀ ਵਿਅਕਤੀ ਨੂੰ ਰਾਮ ਦਾ ਸਰੂਪ ਦੇ ਕੇ ਉਸ ਤੋਂ ਰਾਮ ਵਰਗੇ ਕੰਮ ਕਰਵਾਏ ਜਾਂਦੇ ਹਨ। ਇੱਥੋਂ ਤੱਕ ਕਿ ਉਸ ਅਖਉਤੀ ਰਾਮ ਦੀ ਖ਼ੂਬ ਪੂਜਾ ਹੁੰਦੀ ਹੈ, ਆਰਤੀ ਉਤਾਰੀ ਜਾਂਦੀ ਹੈ ਜਿਸ ਅੱਗੇ ਚੰਗੇ ਪੜ੍ਹੇ ਲਿਖੇ, ਸਮਾਜਿਕ ਤੌਰ ਤੇ ਆਪਣੇ ਆਪ ਨੂੰ ਆਗੂ ਅਖਵਾਉਣ ਵਾਲੇ ਅਤੇ ਇੱਥੋਂ ਤੱਕ ਕਿ ਦੇਸ਼ ਦੇ ਸਾਰੇ ਰਾਜਨੀਤਿਕ ਲੀਡਰ ਇਸ ਕਿਰਿਆ ਵਿੱਚ ਵੱਧ ਚੜ ਕੇ ਹਿੱਸਾ ਲੈਂਦੇ ਹਨ। ਉਸ ਅਖਉਤੀ ਰਾਮ ਨੂੰ ਸਚੁ-ਮੁਚੁ ਦਾ ਰਾਮ ਸਮਝ ਕੇ ਆਪਣਾ ਸਿਰ ਨਿਵਾਉਂਦੇ, ਉਸ ਦੇ ਗੁਣ ਗਾਉਂਦੇ ਹਨ।

ਕਈ ਵਾਰੀ ਮਨੁੱਖ ਇਹ ਗੱਲ ਸੋਚਣ ਤੋਂ ਮਜ਼ਬੂਰ ਹੋ ਜਾਂਦਾ ਹੈ ਕਿ ਇਹੋ ਜਿਹੇ ਬਣਾਏ ਰਾਮ ਵਿੱਚ ਰਾਮ ਵਾਲੇ ਗੁਣ ਹਨ ਯਾਂ ਨਹੀਂ। ਥੋੜਾ ਹੋਰ ਸੋਚੀਏ ਤਾਂ ਅਸੀ ਇਸ ਅਖਉਤੀ ਰਾਮ ਕੋਲ ਰਾਵਣ ਦਾ ਵੱਧ ਵੀ ਕਰਵਾਉਂਦੇ ਹਾਂ ਅਤੇ ਬਹੁਤ ਖੁਸ਼ੀ ਪ੍ਰਤੀਤ ਕਰਦੇ ਹਾਂ। ਅਸਲੀਅਤ ਇਹ ਹੈ ਅਸੀ ਇਸ ਮੌਕੇ ਤੇ ਇੱਕ ਰਾਵਣ ਨੂੰ ਮਾਰਨ ਦੀ ਕਿਰਿਆ ਕਰਦੇ ਹਾਂ। ਪਰ ਜਦੋਂ ਆਪਣੇ ਆਲੇ ਦੁਆਲੇ ਵੇਖਦੇ ਹਾਂ ਤਾਂ ਪ੍ਰਤੀਤ ਹੁੰਦਾ ਹੈ ਕਿ ਰਾਮ ਵਰਗੇ ਜੀਵਨ ਵਾਲਾ ਤਾਂ ਕੋਈ ਨਹੀਂ ਪਰ ਰਾਵਣ ਵਾਲੀ ਕਿਰਿਆ, ਬੀਬੀਆਂ ਨਾਲ ਬਲਾਤਕਾਰ ਅਤੇ ਬੀਬੀਆਂ ਦੀਆਂ ਹੱਤਿਆਂਵਾ ਦੀਆਂ ਖਬਰਾਂ ਰੋਜ ਸੁਣਨ ਨੂੰ ਮਿਲਦੀਆਂ ਹਨ। ਸੋਚੀਏ, ਕਿ ਇਹੀ ਰਾਮ ਰਾਜ ਹੈ ਅਤੇ ਇਹੋ ਜੇਹੇ ਅਪਰਾਧੀਆਂ ਨੂੰ ਕਾਨੂੰਨ ਅੰਦਰ ਕੋਈ ਸਜ਼ਾ ਨਹੀਂ ਮਿਲਦੀ। ਉਹ ਬੰਦੇ Lack of Evidence ਦੇ ਖਾਤੇ ਬਰੀ ਹੋ ਜਾਂਦੇ ਹਨ। ਕੀ ਇਹੀ ਸਾਡਾ ਰਾਮਰਾਜ ਹੈ। ਇਸ ਨਾਲ ਹੀ ਭਾਰਤ ਇੱਕ ਚੰਗਾ ਸੁਦ੍ਰਿੜ, ਸੁਖਦ ਦੇਸ਼ ਬਣ ਸਕੇਗਾ, ਕੀ ਮਨੁੱਖ ਇਹੋ ਜਿਹੇ ਕਾਰਣਾ ਕਰਕੇ ਭਾਰਤ ਦੀ ਬਹੁ/ਬੇਟੀ ਦੀ ਇੱਜ਼ਤ ਲੁੱਟਦੀ ਰਹੇਗੀ ਅਤੇ ਅਸੀਂ ਕੇਵਲ ਬਿਆਨਾ ਤੇ ਬਿਆਨਾ ਦੀ ਝੜੀ ਲਾ ਦਿਆਂਗੇ। ਅਸੀ ਇਹੀ ਸਮਝਦੇ ਹਾਂ ਕਿ ਰਾਮ ਰਾਜ ਹੈ। ਕਦੀ ਨਹੀਂ ਸੋਚਦੇ ਕਿ ਗੁਰੂ ਅਮਰਦਾਸ ਜੀ ਦੇ ਫੁਰਮਾਨ -

ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥
ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ

- ਗੂਜਰੀ (ਮ: ੩) - ਅੰਗ ੪੯੧

ਅੱਜ ਲੋੜ ਹੈ ਗੁਰੂ ਦੀ ਕਿਰਪਾ ਸਦਕਾ ਰਮੇ ਹੋਏ ਰਾਮੁ ਨੂੰ ਪਹਿਚਾਨਣ ਦੀ ਅਤੇ ਉਸ ਦੇ ਗੁਣਾਂ ਨੂੰ ਜੀਵਨ ਵਿੱਚ ਅਪਣਾ ਕੇ ਸੱਚੇ ਰਾਮ ਭਗਤ ਬਣਨ ਦੀ। ਰਾਮ ਕਹਿਣ ਵਾਲੇ ਤਾਂ ਬੇਅੰਤ ਨੇ ਪਰ ਰਾਮ ਨੂੰ ਪਹਿਚਾਨਣ ਵਾਲੀ ਬਿਰਤੀ/ਸੁਰਤੀ ਕਿਸੇ ਵਿਰਲੇ ਦੀ ਹੈ। ਪਰਮਾਤਮਾ ਅੱਗੇ ਅਰਦਾਸ ਕਰੀਏ ਕਿ ਉਹ ਸਾਨੂੰ ਸਾਰਿਆਂ ਨੂੰ ਸੁਮਤਿ ਬਖਸ਼ੇ ਅਤੇ ਅਸੀਂ ਅਪਣੇ ਜੀਵਨ ਨੂੰ ਸੁਖਦ ਬਣਾ ਸਕੀਏ।

# ਗਾਥਾ ਨੌਵੇਂ ਗੁਰੂ ਦੀ ਦ੍ਰਿੜ੍ਹਤਾ ਵਾਲੇ ਸਤਿਗੁਰੂ

**ਸਿੰਘ ਸਾਹਿਬ ਗਿ. ਜਸਵੰਤ ਸਿੰਘ ਪ੍ਰਵਾਨਾ**

ਮਨ ਬਾਰੇ ਜਿਨ੍ਹਾਂ ਵਿਦਵਾਨਾਂ ਖੋਜ ਕੀਤੀ ਹੈ ਉਨ੍ਹਾਂ ਦੇ ਫ਼ੈਸਲੇ ਨਾਲ ਮੈਂ ਸਹਿਮਤ ਹਾਂ । ਇਹ ਖੋਜ ਠੀਕ ਹੈ, ਇਹ ਗੱਲ ਮੈਂ ਆਪਣੇ ਅਨੁਭਵ ਨਾਲ ਲਿਖ ਰਿਹਾ ਹਾਂ ਕੋਈ ਸੁਣੀ ਸੁਣਾਈ ਨਹੀਂ ਕਿ ਮਨ ਵੀ ਸਾਡਾ ਇੱਕ ਨਹੀਂ । ਇੱਕ ਸਾਡਾ ਸੁਚੇਤ ਮਨ ਹੈ ਇੱਕ ਅਚੇਤ ਮਨ ਹੈ । ਆਮ ਕਰਕੇ ਬੰਦੇ ਦੀ ਬੁੱਧ ਦੇ ਕੀਤੇ ਫ਼ੈਸਲੇ ਸਿਰੇ ਨਹੀਂ ਚੜ੍ਹਦੇ । ਉਸਦਾ ਕਾਰਨ ਇਹ ਹੈ ਕਿ ਮਨ ਵੰਡਿਆ ਹੋਇਆ ਹੈ । ਮਨ ਇੱਕ ਨਹੀਂ । ਇਹ ਗੱਲ ਕਿਸੇ ਸੱਜਣ ਕੋਲੋਂ ਲੁਕੀ ਛਿਪੀ ਨਹੀਂ । ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਜਦੋਂ ਅਸੀਂ ਫ਼ੈਸਲਾ ਕਰਦੇ ਹਾਂ ਇਹ ਕੰਮ ਕਰਾਂਗੇ ਉਸ ਵੇਲੇ ਸਾਡਾ ਹੋਰ ਮਨ ਹੁੰਦਾ ਹੈ, ਪਰ ਜਦੋਂ ਉਸੇ ਕੀਤੇ ਫ਼ੈਸਲੇ ਤੇ ਅਮਲ ਕਰਨ ਦਾ ਸਮਾਂ ਆਉਂਦਾ ਹੈ ਉਸ ਵੇਲੇ ਹੋਰ ਮਨ ਹੁੰਦਾ ਹੈ । ਨਹੀਂ ਤਾਂ ਪਾਗ਼ਲ ਬੰਦਾ ਵੀ ਇਹ ਗੱਲ ਸਮਝਦਾ ਹੈ ਕਿ ਆਪਣਾ ਕੀਤਾ ਹੋਇਆ ਫ਼ੈਸਲਾ ਕੋਈ ਆਪ ਕਿਵੇਂ ਰੱਦ ਕਰ ਸਕਦਾ ਹੈ । ਇੱਕ ਜੱਜ ਦਾ ਫ਼ੈਸਲਾ ਰੱਦ ਕਰਨ ਵਾਸਤੇ ਕੋਈ ਦੂਸਰਾ ਤੇ ਉਸ ਤੋਂ ਵੱਡਾ ਜੱਜ ਚਾਹੀਦਾ ਹੈ । ਇਸ ਗੱਲ ਤੋਂ ਇਹ ਵੀ ਸਿੱਧ ਹੁੰਦਾ ਹੈ ਕਿ ਫ਼ੈਸਲਾ ਕਰਨ ਵਾਲੇ ਮਨ ਨਾਲੋਂ ਫ਼ੈਸਲਾ ਰੱਦ ਕਰਨ ਵਾਲਾ ਮਨ ਸ਼ਕਤੀਸ਼ਾਲੀ ਹੈ । ਫਿਰ ਇਸ ਗੱਲ ਦਾ ਤਾਂ ਇੱਕੋ ਹੀ ਇਲਾਜ ਹੈ ਕਿ ਵੱਡੇ ਮਨ ਨੂੰ ਸ਼ਕਤੀਸ਼ਾਲੀ ਮਨ ਨੂੰ ਪਹਿਲੇ ਹੀ ਨਾਲ ਲਿਆ ਜਾਵੇ, ਦੋਂਹਾਂ ਮਨਾਂ ਨੂੰ ਅਚੇਤ ਮਨ ਤੇ ਸੁਚੇਤ ਮਨ ਨੂੰ ਇਕੱਠੇ ਕਰ ਲਿਆ ਜਾਵੇ । ਫਿਰ ਬੰਦਾ ਜੋ ਫ਼ੈਸਲਾ ਕਰੇਗਾ ਉਸ ਨੂੰ ਅਸਲੀ ਰੂਪ ਦੇ ਹੀ ਦੇਵੇਗਾ ।

ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਇਤਿਹਾਸ ਪੜ੍ਹ ਕੇ ਵੇਖੋ । ਇੱਕ ਕਮਾਲ ਗੱਲ ਹੈ ਕਿ ਉਨ੍ਹਾਂ ਜਿਹੜਾ ਵੀ ਫ਼ੈਸਲਾ ਕੀਤਾ ਹੈ ਉਸਨੂੰ ਅਮਲੀ ਰੂਪ ਦੇ ਹੀ ਦਿੱਤਾ ਹੈ । ਉਨ੍ਹਾਂ ਨੇ ਜਿਧਰ ਕਦਮ ਪੁੱਟਿਆ ਹੈ ਉਹ ਕਦਮ ਹਾਰ ਕੇ ਵਾਪਸ ਨਹੀਂ ਆਇਆ । ਜਿੱਤ ਨੇ ਉਨ੍ਹਾਂ ਦੇ ਕਦਮ ਚੁੰਮੇ ਹਨ । ਉਨ੍ਹਾਂ ਨੇ ਜੋ ਕਹਿ ਦਿੱਤਾ ਬਸ ਉਹ ਹੋ ਗਿਆ । ਉਨ੍ਹਾਂ ਦੇ ਅੰਦਰ ਐਸੀ ਦ੍ਰਿੜ੍ਹਤਾ ਸੀ ਕਿ ਉਹ ਕਦੀ ਨਹੀਂ ਹਿੱਲੇ । ਉਹ ਅੰਦਰੋਂ ਅਡੋਲ ਸਨ । ਜੇ ਉਨ੍ਹਾਂ ਫ਼ੈਸਲਾ ਕਰ ਲਿਆ ਕਿ ਬਕਾਲੇ ਬੈਠਣਾ ਹੈ ਤਾਂ ਬੈਠ ਗਏ । ਜੇ ਫ਼ੈਸਲਾ ਕਰ ਲਿਆ ਕਿ ਹੁਣ ਬਕਾਲਾ ਛੱਡਣਾ ਹੈ ਤਾਂ ਛੱਡ ਦਿੱਤਾ ਹੈ । ਜੇ ਫ਼ੈਸਲਾ ਕੀਤਾ ਹੈ ਕਿ ਗੁਰਧਾਮਾਂ ਦੇ ਦਰਸ਼ਨ ਕਰਨੇ ਹਨ ਤਾਂ ਗਏ ਹਨ, ਕੀਤੇ ਹਨ । ਜੇ ਪ੍ਰਚਾਰ ਵਾਸਤੇ ਬਾਹਰ ਤੁਰਨਾ ਹੈ ਤਾਂ ਤੁਰੇ ਹਨ । ਕੋਈ ਪ੍ਰਵਾਰਕ ਮੋਹ ਮਾਇਆ ਦਾ ਜਾਲ ਉਨ੍ਹਾਂ ਨੂੰ ਨਹੀਂ ਫਸਾ ਸਕਿਆ । ਗੋਬਿੰਦ ਰਾਇ ਜੀ ਦਾ ਜਨਮ ਪਟਨੇ ਹੁੰਦਾ ਹੈ । ਆਪ ਜੀ ਉਸ ਵਕਤ ਢਾਕੇ ਵਿੱਚ ਹਨ । ਉਨ੍ਹਾਂ ਦੇ ਪ੍ਰੋਗਰਾਮ ਵਿੱਚ ਕੋਈ ਰੋਕ ਨਹੀਂ ਪਾ ਸਕਿਆ । ਜੇ ਵਾਪਸ ਆਏ ਹਨ ਤਾਂ ਪ੍ਰੋਗਰਾਮ ਮੁਤਾਬਿਕ ਹੀ ਪ੍ਰਵਾਰ ਨੂੰ ਫਿਰ ਪਟਨਾ ਸਾਹਿਬ ਛੱਡ ਆਉਂਦੇ ਹਨ । ਆਪ ਪੰਜਾਬ ਆ ਜਾਂਦੇ ਹਨ । ਜੇਕਰ ਕਸ਼ਮੀਰੀ ਪੰਡਤਾਂ ਦੀ ਇਮਦਾਦ ਲਈ ਫ਼ੈਸਲਾ ਕਰ ਲਿਆ ਹੈ ਤਾਂ ਐਸਾ ਨਹੀਂ ਕਿ ਰੋਕਾਂ ਨਹੀਂ ਪਈਆਂ । ਇੱਕ ਨਹੀਂ ਅਨੇਕਾਂ ਰੋਕਾਂ ਪਈਆਂ ਹਨ ।

ਜਦੋਂ ਸੈਫ਼ਾਬਾਦ ਸੈਫ਼ਦੀਨ ਦੇ ਪਾਸ ਪੁੱਜੇ ਹਨ ਤਾਂ ਉਹ ਅੱਗੇ ਤੁਰਨ ਹੀ ਨਹੀਂ ਸੀ ਦਿੰਦਾ। ਵਾਰ-ਵਾਰ ਕਹਿੰਦਾ ਸੀ ਪਾਤਸ਼ਾਹ ਜੀ ! ਔਰੰਗਜ਼ੇਬ ਬੜਾ ਜ਼ਾਲਮ ਹੈ, ਮੈਂ ਉਸਨੂੰ ਚੰਗੀ ਤਰ੍ਹਾਂ ਜਾਣਦਾ ਹਾਂ। ਤੁਸੀ ਬਿਲਕੁਲ ਨਾ ਜਾਉ ਪਰ ਨਹੀਂ ਰੋਕ ਸਕਿਆ। ਸਤਿਗੁਰੂ ਪਹੁੰਚਦੇ ਹਨ। ਗੁਰੂ ਦਾ ਬਚਨ ਅਟੱਲ ਹੈ, ਕਿਵੇਂ ਆਗਰੇ ਵਿੱਚ ਇੱਕ ਗ਼ਰੀਬ ਅਯਾਲੀ ਨੂੰ ਕਹਿੰਦੇ ਹਨ ਜਾਹ, ਮਠਿਆਈ ਲੈ ਕੇ ਆ। ਇਹ ਦੁਸ਼ਾਲਾ ਲੈ ਜਾ ਇਹ ਅੰਗੂਠੀ ਲੈ ਜਾ, ਕੈਸਾ ਬਹਾਨਾ ਆਪ ਬਣਾ ਦਿੰਦੇ ਹਨ। ਹਲਵਾਈ ਨੂੰ ਸ਼ੱਕ ਪੈਂਦਾ ਹੈ ਉਹ ਸਿਪਾਹੀਆਂ ਨੂੰ ਬੁਲਾਉਂਦਾ ਹੈ। ਗੁਰੂ ਸਾਹਿਬ ਗ੍ਰਿਫਤਾਰ ਹੋ ਜਾਂਦੇ ਹਨ। ਅਯਾਲੀ ਨੂੰ ਇਨਾਮ ਮਿਲ ਜਾਂਦਾ ਹੈ। ਦਿੱਲੀ ਆਉਂਦੇ ਹਨ। ਕੁਝ ਵਿਦਵਾਨਾਂ ਅਨੁਸਾਰ ਔਰੰਗਜ਼ੇਬ ਦਿੱਲੀ ਨਹੀਂ ਸੀ, ਹਸਨ ਅਬਦਾਲ ਸੀ। ਪਰ ਉਸਦਾ ਹੁਕਮ ਤਾਂ ਹੈ ਸੀ। ਓਸਦੇ ਫੁਰਮਾਨ ਮੁਤਾਬਿਕ ਸਤਿਗੁਰਾਂ ਨੂੰ ਵਾਰ-ਵਾਰ ਕਿਹਾ ਗਿਆ ਕਿ ਸਿਰਫ਼ ਤੁਸੀਂ ਇਨ੍ਹਾਂ ਬ੍ਰਾਹਮਣਾਂ ਦੀ ਬਾਂਹ ਛੱਡ ਦਿਉ। ਦਿੱਲੀ ਦੇ ਹਾਕਮ ਚੰਗੀ ਤਰ੍ਹਾਂ ਸਮਝਦੇ ਸਨ ਕਿ ਗੁਰੂ ਸਾਹਿਬ ਇਸਲਾਮ ਪ੍ਰਵਾਨ ਕਰ ਲੈਣ ਤਾਂ ਸਾਰਾ ਹਿੰਦੁਸਤਾਨ ਹੀ ਮੁਸਲਮਾਨ ਬਣ ਜਾਵੇਗਾ। ਹੱਕ ਸੱਚ ਲਈ, ਲੜਨ ਲਈ ਜੇ ਕੋਈ ਉਸ ਵੇਲੇ ਹੈ ਸੀ ਤਾਂ ਸਿਰਫ ਗੁਰੂ ਨਾਨਕ ਦੇਵ ਜੀ ਦਾ ਘਰ ਹੀ ਸੀ। ਜੇ ਇਹ ਵੀ ਹੌਂਸਲਾ ਛੱਡ ਜਾਣ ਤਾਂ ਬਾਕੀ ਕੋਈ ਟਿਕਣ ਵਾਲਾ ਨਹੀਂ ਸੀ। ਮੁਗ਼ਲ ਹਾਕਮਾਂ ਦਾ ਸਾਰਾ ਜ਼ੋਰ ਇਸ ਗੱਲ ਤੇ ਸੀ ਕਿ ਗੁਰੂ ਤੇਗ ਬਹਾਦਰ ਜੀ ਨੂੰ ਮਨਾਉਣਾ ਹੈ ਕਿ ਇਸਲਾਮ ਹੀ ਸੰਪੂਰਨ ਧਰਮ ਹੈ। ਬਾਕੀ ਧਰਮ ਅਧੂਰੇ ਹਨ। ਇਸ ਲਈ ਅਧੂਰਿਆਂ ਨੂੰ ਪੂਰੇ ਹੋਣ ਵਾਸਤੇ ਪੂਰੇ ਦੀ ਸ਼ਰਣ ਵਿੱਚ ਆ ਜਾਣਾ ਚਾਹੀਦਾ ਹੈ। ਕਿਸੇ ਵੀ ਧਰਮ ਦਾ ਇਸਲਾਮ ਤੋਂ ਵੱਖ ਰਹਿਣਾ ਇਸਲਾਮ ਦੀ ਤੌਹੀਨ ਹੈ। ਜਿਵੇਂ ਚੱਕਰਵਰਤੀ ਰਾਜੇ ਦੇ ਨਾਲ ਕੋਈ ਛੋਟਾ ਰਾਜਾ ਬਰਾਬਰ ਬਹੇ ਇਹ ਬਰਦਾਸ਼ਤ ਨਹੀਂ ਹੋ ਸਕਦਾ। ਇਸਲਾਮ ਸਭ ਤੋਂ ਵੱਡਾ ਧਰਮ ਹੈ, ਅਸਲ ਧਰਮ ਹੈ, ਵਾਹਿਦ ਖੁਦਾ ਦਾ ਧਰਮ ਹੈ। ਬਾਕੀ ਧਰਮਾਂ ਨੇ ਮਨੁੱਖ ਨੂੰ ਭਟਕਾਇਆ ਹੈ। ਇਸ ਲਈ ਇਹ ਇੱਕ ਪਰਉਪਕਾਰ ਹੈ ਕਿ ਬਾਕੀ ਧਰਮਾਂ ਨੂੰ ਇਸਲਾਮ ਵਿੱਚ ਹਲੂਲ ਕੀਤਾ ਜਾਏ। ਜੇ ਗੁਰੂ ਤੇਗ਼ ਬਹਾਦਰ ਜੀ ਇਸ ਪ੍ਰਚਾਰ ਵਿੱਚ ਹਿੱਸਾ ਪਾਉਣ ਤਾਂ ਇਨ੍ਹਾਂ ਨੂੰ ਮਹਾਨ ਪੀਰ ਮੰਨ ਲਿਆ ਜਾਵੇਗਾ। ਗੁਰੂ ਘਰ ਨਾਲ ਮੁਸਲਮਾਨ ਫ਼ਕੀਰਾਂ ਦਾ ਵਾਹ ਰਿਹਾ ਹੈ। ਇਸਲਾਮ ਦੇ ਕੇਂਦਰੀ ਅਸਥਾਨ ਮੱਕੇ ਵਿੱਚ ਸਤਿਗੁਰੂ ਆਪ ਗਏ ਸਨ। ਕਾਅਬੇ ਵੱਲ ਪੈਰ ਵੇਖ ਕੇ ਕਾਫ਼ਰ ਕਹਿ ਲੇ ਲੱਤ ਮਾਰਨ ਵਾਲਿਆਂ ਨੂੰ ਇਹ ਤਾਂ ਪਤਾ ਲੱਗ ਹੀ ਗਿਆ ਸੀ ਕਿ ਇਹ ਮੁਸਲਮਾਨ ਨਹੀਂ। ਫਿਰ ਵੀ ਉਨ੍ਹਾਂ ਸੱਚ ਵੇਖਿਆ, ਸੱਚ ਸੁਣਿਆ ਤਾਂ ਇਹ ਨਹੀਂ ਕਿਹਾ ਕਿ ਤੁਸੀਂ ਮੁਸਲਮਾਨ ਬਣ ਜਾਉ। ਸਗੋਂ ਉਸ ਟਿਕਾਣੇ ਬਾਰੇ ਪੁੱਛਿਆ ਕਿ ਜਿਥੇ ਧਰਮ ਨੇ ਪਹੁੰਚਾਉਣਾ ਹੈ, ਬਾਬਾ ਜੀ ਉਸ ਦਰਗਾਹ ਦੀ ਗੱਲ ਸੁਣਾਉ ਤਾਂ ਸਤਿਗੁਰੂ ਕਹਿੰਦੇ ਹਨ -

**ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ।**
**ਹਿੰਦੂ ਮੁਸਲਮਾਨ ਦੁਇ ਦਰਗਹ ਅੰਦਰਿ ਲਹਨਿ ਨ ਢੋਈ।**

**(ਵਾਰ ੧ ਪਉੜੀ ੩੩)**

ਭਾਈ ਗੁਰਦਾਸ ਜੀ ਅਨੁਸਾਰ ਸ਼ੁਭ ਅਮਲਾਂ ਦੀ ਗੱਲ ਸੁਣ ਕੇ ਉਨ੍ਹਾਂ ਸਿਰ ਝੁਕਾਇਆ ਤੇ ਕਾਜ਼ੀ ਰੁਕਨਦੀਨ ਨੇ ਨਿਸ਼ਾਨੀ ਵਜੋਂ ਗੁਰੂ ਸਾਹਿਬ ਦੀਆਂ ਖੜਾਵਾਂ ਮੰਗ ਲਈਆਂ ।

**ਧਰੀ ਨੀਸਾਣੀ ਕਉਸ ਦੀ ਮਕੇ ਅੰਦਰਿ ਪੂਜ ਕਰਾਈ।**

**(ਵਾਰ ੧ ਪਉੜੀ ੩੪)**

ਮੁਸਲਮਾਨ ਫ਼ਕੀਰਾਂ ਦਾ ਗੁਰੂਆਂ ਨਾਲ ਸੰਬੰਧ ਰਿਹਾ ਹੈ । ਇਸਲਾਮ ਦੀ ਤੌਹੀਨ ਵਾਲਾ ਸ਼ਬਦ ਕਦੀ ਗੁਰੂਆਂ ਨੇ ਨਹੀਂ ਵਰਤਿਆ । ਪਰ ਮੁਸਲਮਾਨ ਨੂੰ ਸੱਚਾ ਮੁਸਲਮਾਨ ਬਣਨ ਲਈ ਜ਼ਰੂਰ ਕਿਹਾ ਹੈ । ਗੁਰੂ ਸਾਹਿਬ ਇਸ ਗੱਲ ਨੂੰ ਸਮਝਦੇ ਸਨ ਕਿ ਮਜ਼ਹਬਾਂ ਦਾ ਝਗੜਾ ਧਾਰਮਿਕ ਝਗੜਾ ਨਹੀਂ । ਇਹ ਰਾਜਨੀਤਕ ਝਗੜਾ ਹੈ । ਧਰਮ ਦੀ ਹਕੀਕਤ ਸਮਝਣ ਵਾਲਾ ਬੰਦਾ ਕਿਥੇ ਕਿਸੇ ਨੂੰ ਕਹਿੰਦਾ ਹੈ ਕਿ ਤੂੰ ਆਪਣਾ ਧਰਮ ਛੱਡ ਤੇਰਾ ਧਰਮ ਠੀਕ ਨਹੀਂ । ਪੰਧ ਵਿੱਚ ਤੁਰਨ ਵਾਲਾ ਹਰ ਬੰਦਾ ਜੇ ਸੱਚਾ ਹੈ ਤਾਂ ਦੂਸਰੇ ਨੂੰ ਸਿਰਫ਼ ਜਗਾ ਦੇਵੇਗਾ ਤੇ ਤੁਰਨ ਦੀ ਪ੍ਰੇਰਨਾ ਦੇਵੇਗਾ । ਪਤਾ ਹੈ ਤਾਂ ਰਾਹ ਦੱਸ ਦੇਵੇਗਾ । ਪਰ ਜਦੋਂ ਦਾ ਰਾਜਨੀਤਕ ਬੰਦਿਆਂ ਦਾ ਧਰਮ ਤੇ ਕਬਜ਼ਾ ਹੋਇਆ ਹੈ ਇਹ ਸੱਚ ਹੈ ਕਿ ਧਰਮ ਮੁਰਦਾ ਹੋ ਗਿਆ ਹੈ । ਧਰਮ ਵਿੱਚ ਕੋਈ ਜਿੰਦ ਜਾਨ ਨਹੀਂ ਰਹੀ । ਗੁਰੂ ਤੇਗ਼ ਬਹਾਦਰ ਸਾਹਿਬ ਨੇ ਕਿਹਾ ਇਹ ਤੁਹਾਡਾ ਪ੍ਰਚਾਰ ਤੇ ਤਲਵਾਰ ਦੇ ਜ਼ੋਰ ਨਾਲ ਪ੍ਰਚਾਰ, ਜਿਸ ਵਿੱਚ ਸੱਚੀ ਵਿਚਾਰ ਨੂੰ ਕੋਈ ਥਾਂ ਹੀ ਨਹੀਂ, ਇਹ ਤਾਂ ਜ਼ੁਲਮ ਨਾਲ ਭਰੀ ਰਾਜਨੀਤੀ ਹੈ । ਨਿਰੀ ਰਾਜਨੀਤੀ ਹੀ ਨਹੀਂ, ਕੂਟਨੀਤੀ ਹੈ । ਤੇ ਜੇ ਮੈਨੂੰ ਪ੍ਰਮਾਤਮਾ ਇਸ ਗੱਲ ਦੀ ਸੋਝੀ ਨਾ ਦਿੰਦਾ ਤਾਂ ਮੈਂ ਇਸ ਗੱਲ ਨੂੰ ਨਾ ਸਮਝਦਾ ਤਾਂ ਮੈਂ ਵੀ ਚੁੱਪ ਕਰ ਰਹਿੰਦਾ । ਪਰ ਜੇ ਮੈਨੂੰ ਰੱਬ ਨੇ ਸਮਝ ਦਿੱਤੀ ਹੈ ਤੇ ਮੈਂ ਵੀ ਚੁੱਪ ਕਰ ਰਹਾਂ ਤਾਂ ਫਿਰ ਸੱਚ ਮੈਨੂੰ ਕਦੀ ਵੀ ਮੁਆਫ਼ ਨਹੀਂ ਕਰੇਗਾ । ਸ਼ਿਵਲੀ ਨੂੰ ਮਨਸੂਰ ਨੇ ਇਹੀ ਗੱਲ ਕਹੀ ਸੀ ਕਿ ਲੋਕਾਂ ਦੇ ਪੱਥਰ ਮਾਰਨ ਦਾ ਮੈਨੂੰ ਦੁੱਖ ਨਹੀਂ ਕਿਉਂਕਿ ਉਹ ਸੱਚ ਨੂੰ ਨਹੀਂ ਜਾਣਦੇ । ਪਰ ਤੂੰ ਜਾਣਕਾਰ ਹੁੰਦਿਆਂ ਮੈਨੂੰ ਫੁੱਲ ਮਾਰਿਆ ਹੈ । ਮੈਂ ਸੋਚ ਰਿਹਾ ਹਾਂ ਕਿ ਸੱਚ ਹੀ ਬੇਇਨਸਾਫ਼ ਹੋ ਗਿਆ ਹੈ। ਜਾਂ ਫਿਰ ਤੇਰੀ ਝੋਲੀ ਇੰਨੀ ਕਮਜ਼ੋਰ ਹੈ ਜਿਥੇ ਸੱਚ ਨਹੀਂ ਸਾਂਭਿਆ ਗਿਆ । ਜਿਸਦੇ ਪਾਸ ਸੱਚ ਹੋਵੇ ਉਹ ਬੰਦਾ ਵੀ ਸੱਚ ਨੂੰ ਲੁਕਾਉਣ ਦਾ ਜਤਨ ਕਰੇ ਤਾਂ ਉਹ ਰੱਬ ਦਾ ਦੇਣਦਾਰ ਹੈ । ਮੈਂ ਸੱਚ ਨੂੰ ਪ੍ਰਗਟ ਕਰਾਂਗਾ ਜੇ ਸੱਚ ਮਰ ਜਾਏ ਤਾਂ ਠੀਕ ਹੈ । ਫਿਰ ਐਸੇ ਸੱਚ ਦੀ ਲੋੜ ਨਹੀਂ ਜੋ ਮਰ ਸਕੇ । ਤੇ ਜੇ ਸੱਚ ਅਮਰ ਹੈ ਫਿਰ ਮੇਰੇ ਮਰਨ ਨਾਲ ਸੱਚ ਨਹੀਂ ਮਰੇਗਾ । ਸੱਚ ਦਾ ਪ੍ਰਚਾਰ ਜ਼ਰੂਰ ਹੋ ਜਾਏਗਾ ਕਿ ਸੱਚ ਨੂੰ ਪਿਆਰ ਕਰਨ ਵਾਲੇ ਐਸੇ ਵੀ ਹੈਨ ਕਿ ਜਿਹੜੇ ਸੱਚ ਵਾਸਤੇ ਜਾਨ ਦੇ ਸਕਦੇ ਹਨ । ਸੱਚ ਇਹ ਹੈ ਕਿ ਧਰਮ ਰੱਬ ਦੀ ਦੇਣ ਹਨ । ਆਪਣੇ ਅਨੁਭਵ ਨਾਲ ਬੰਦਾ ਭਟਕਣਾ ਵੀ ਚਾਹੁੰਦਾ ਹੈ ਤਾਂ ਰੱਬ ਨੇ ਉਸਨੂੰ ਇਹ ਹੱਕ ਦਿੱਤਾ ਹੈ ਉਹ ਖੁਸ਼ੀ ਨਾਲ ਭਟਕੇ । ਇਸ ਭਟਕਣਾ ਤੋਂ ਬਾਦ ਜਦੋਂ ਉਸਨੂੰ ਸਿੱਧਾ ਮਾਰਗ ਮਿਲੇਗਾ ਤਾਂ ਉਸਨੂੰ ਬੜਾ ਅਨੰਦ

ਆਏਗਾ । ਜਿਵੇਂ ਦਿਹਾੜੀ ਭਰ ਦੇ ਭੁੱਖੇ ਬੰਦੇ ਨੂੰ ਖਾਣਾ ਮਿਲ ਜਾਂਏ ਤਾਂ ਅਨੰਦ ਆਉਂਦਾ ਹੈ । ਫਿਰ ਬੰਦਾ ਕਿੰਨਾ ਕੁ ਚਿਰ ਭਟਕੇਗਾ । ਆਖਰ ਪ੍ਰਮਾਤਮਾ ਇੰਨਾ ਨਿਰਦਈ ਤਾਂ ਨਹੀਂ ਕਿ ਆਪਣੇ ਵੱਲ ਆਉਣ ਵਾਲੇ ਨੂੰ ਮਾਰਗ ਹੀ ਨਾ ਦੱਸੇ । ਤੁਹਾਡੇ ਖ਼ਿਆਲ ਵਿੱਚ ਜੇ ਤਿਲਕ ਜੰਞੂ ਵਾਲੇ ਭਟਕ ਰਹੇ ਹਨ, ਮੂਰਤੀ ਪੂਜਕ ਭਟਕ ਰਹੇ ਹਨ, ਤਾਂ ਤੁਹਾਡੇ ਜ਼ਬਰਦਸਤੀ ਵਿਖਾਉਣ ਵਾਲੇ ਰਾਹ ਨਾਲ ਉਨ੍ਹਾਂ ਦੀ ਭਟਕਣਾ ਸੌ ਗੁਣਾ ਚੰਗੀ ਹੈ । ਤੁਹਾਡੇ ਮਾਰਗ ਵਿੱਚ ਗ਼ੁਲਾਮੀ ਹੈ, ਉਨ੍ਹਾਂ ਦੇ ਮਾਰਗ ਵਿੱਚ ਸੁਤੰਤਰਤਾ ਹੈ । ਸਵਾਲ ਇਹ ਨਹੀਂ ਕਿ ਬੰਦਾ ਕੀ ਕਰਦਾ ਹੈ ਬੜਾ ਵੱਡਾ ਸੁਆਲ ਹੈ ਕਿ ਬੰਦਾ ਸੁਤੰਤਰ ਹੈ । ਸਾਰੇ ਧਰਮ ਮੁਕਤੀ ਹੀ ਤਾਂ ਅੰਤਮ ਮੰਜ਼ਲ ਦਸਦੇ ਹਨ । ਤਲਵਾਰ ਦੇ ਜ਼ੋਰ ਨਾਲ ਕਿਸੇ ਦੀ ਸੁਤੰਤਰਤਾ ਹੀ ਖੋਹ ਲਈ ਤਾਂ ਉਸਦਾ ਜੀਵਨ ਤਾਂ ਨਰਕ ਹੀ ਹੋਵੇਗਾ । ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਨੂੰ ਸਮਝਣਾ ਹੋਵੇ ਤਾਂ ਇਹ ਇੱਕ ਖਾਸ ਨੁਕਤਾ ਹੈ ਕਿ ਉਹ ਸੁਤੰਤਰਤਾ ਚਾਹੁੰਦੇ ਹਨ ਤੇ ਹਰ ਇੱਕ ਦੀ ਸੁਤੰਤਰਤਾ ਵਾਸਤੇ ਜਾਨ ਦੇਣ ਲਈ ਤਿਆਰ ਹਨ । ਹਾਲਾਂਕਿ ਤਿਲਕ ਜੰਞੂ ਦੇ ਧਾਰਨੀ ਵੀ ਨਹੀਂ, ਜੋ ਕੋਈ ਹਿੰਦੂ ਵੀ ਕਿਸੇ ਨੂੰ ਜਬਰਦਸਤੀ ਤਿਲਕ ਲਾਏ, ਜੰਞੂ ਪਾਏ ਤਾਂ ਉਹ ਕਹਿਣਗੇ, ਮੈਂ ਐਸਾ ਨਹੀਂ ਹੋਣ ਦੇਣਾ । ਤੇ ਜੇ ਕੋਈ ਧੱਕੇ ਨਾਲ ਜੰਞੂ ਤੋੜੇ, ਤਿਲਕ ਲਾਹ ਦੇਵੇ ਤਾਂ ਇਹ ਵੀ ਉਹ ਕਹਿੰਦੇ ਹਨ ਕਿ ਜ਼ੁਲਮ ਹੈ । ਮੂਲ ਗੱਲ ਹੈ ਕਿ ਬੰਦੇ ਦੀ ਸੁਤੰਤਰਤਾ ਗਈ ਤਾਂ ਭਾਵੇਂ ਕਿਸੇ ਮਾਰਗ ਤੇ ਵੀ ਚੱਲੇ, ਐਸਾ ਬੰਦਾ, ਗੁਲਾਮ ਬਿਰਤੀ ਵਾਲਾ ਬੰਦਾ ਰੱਬ ਤੱਕ ਨਹੀਂ ਪੁੱਜੇਗਾ ।

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥**
**ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥੧੬॥**

**– ਸਲੋਕ ਵਾਰਾਂ ਤੇ ਵਧੀਕ (ਮਃ ੯) – ਅੰਗ ੧੪੨੭**

ਗੁਰੂ ਸਾਹਿਬ ਧਰਮੀ ਬਨਣ ਵਾਸਤੇ ਪਹਿਲੀ ਸ਼ਰਤ ਮੁਕਤਿ ਅਵਸਥਾ, ਸੁਤੰਤਰ ਮਨ, ਨਿਰਭੈ ਮਨ ਹੀ ਮੰਨਦੇ ਹਨ । ਇਸ ਤੋਂ ਬਿਨਾਂ ਕੋਈ ਭਾਵੇਂ ਕਿੰਨੇ ਚੰਗੇ ਸਿਧਾਂਤਾਂ ਵਾਲੇ ਧਰਮ ਦਾ ਪੈਰੋਕਾਰ ਹੈ । ਤੇ ਕਿੰਨੇ ਭਾਵ ਪੂਰਤ ਉਸਦੇ ਧਾਰਮਿਕ ਚਿੰਨ੍ਹ ਹਨ ਜੇਕਰ ਉਸਨੂੰ ਜ਼ਬਰਦਸਤੀ ਪਾਏ ਗਏ ਹਨ ਤਾਂ ਉਹ ਦੋ ਕੌਡੀ ਦੇ ਨਹੀਂ । ਗੁਰੂ ਸਾਹਿਬ ਦਾ ਖ਼ਿਆਲ ਸੀ ਬੇਸ਼ੱਕ ਜੰਞੂ ਵਾਲਾ ਭਟਕਿਆ ਹੈ ਪਰ ਅੱਜ ਨਹੀਂ ਤਾਂ ਕਲ੍ਹ ਆਪੇ ਧਰਮ ਦਾ ਅਸਲ ਮਾਰਗ ਮਿਲ ਜਾਏਗਾ । ਤੁਹਾਡੇ ਕੋਲ ਕੋਈ ਸੱਚੀ ਵਿਚਾਰ ਹੈ ਤਾਂ ਦਿਉ ਜਿਵੇਂ ਗੁਰੂ ਨਾਨਕ ਦੇਵ ਜੀ ਨੇ ਦਇਆ ਦੀ ਕਪਾਹ, ਸੰਤੋਖ ਦਾ ਸੂਤਰ, ਜਤ ਦੀਆਂ ਗੰਢਾਂ ਅਤੇ ਸਤ ਦਾ ਵੱਟ ਦੱਸਿਆ ਸੀ । ਪਰ ਐਸੀਆਂ ਵੀਚਾਰਾਂ ਸੁਣ ਕੇ ਮੁਗਲ ਅਹਿਲਕਾਰ ਕਾਜ਼ੀ ਮੁੱਲਾ ਬੁਖਲਾ ਉੱਠੇ ਸਨ । ਉਨ੍ਹਾਂ ਨੂੰ ਖਤਰਾ ਪੈ ਗਿਆ ਸੀ ਕਿ ਕਿਤੇ ਐਸਾ ਨਾ ਹੋਵੇ ਕਿ ਦਰਬਾਰੀਆਂ ਵਿੱਚੋਂ ਵੀ ਕੁਝ ਇਨ੍ਹਾਂ ਦੇ ਹਮ ਖ਼ਿਆਲ ਨਾ ਬਣ ਜਾਣ । ਉਨ੍ਹਾਂ ਨੂੰ ਜਾਪਦਾ ਸੀ ਇਹ ਜੋ ਕਹਿੰਦੇ ਹਨ ਇਹ ਹੈ ਤਾਂ ਠੀਕ ਪਰ ਸਾਡੇ, ਸੰਗਠਨ ਵਾਸਤੇ

ਸਾਡੀ ਰਾਜਨੀਤੀ ਲਈ, ਖਾਸ ਕਰਕੇ ਮੁਗ਼ਲੀਆਂ ਹਕੂਮਤ ਵਾਸਤੇ ਖ਼ਤਰਾ ਪੈਦਾ ਹੋ ਜਾਏਗਾ। ਗੁਰੂ ਤੇਗ ਬਹਾਦਰ ਦੀਆਂ ਵਿਚਾਰਾਂ ਵਿੱਚ ਇਹ ਸਮਰੱਥਾ ਹੈ ਕਿ ਇਹ ਜਗਤ ਦੇ ਸਾਹਮਣੇ ਸਾਨੂੰ ਝੂਠੇ ਸਿੱਧ ਕਰ ਸਕਦੇ ਹਨ। ਫਿਰ ਇਹੀ ਠੀਕ ਹੋਵੇਗਾ ਕਿ ਗੱਲ ਫੈਲਣ ਤੋਂ ਪਹਿਲਾਂ ਹੀ ਇਨ੍ਹਾਂ ਦਾ ਮੂੰਹ ਸਦਾ ਲਈ ਬੰਦ ਕਰ ਦਿੱਤਾ ਜਾਏ। ਗੁਰੂ ਸਾਹਿਬ ਦੀਆਂ ਗੱਲਾਂ ਦਾ ਉੱਤਰ ਦੇਣ ਦੀ ਬਜਾਏ ਉਨ੍ਹਾਂ ਕਿਹਾ ਪ੍ਰਸ਼ਨ ਤਿੰਨ ਹਨ-ਇਸਲਾਮ ਕਬੂਲ ਕਰੋ, ਜਾਂ ਕਰਾਮਾਤ ਵਿਖਾਉ, ਜਾਂ ਮਰਨ ਲਈ। ਤਿਆਰ ਹੋ ਜਾਉ। ਗੁਰੂ ਸਾਹਿਬ ਨੇ ਕਿਹਾ, ਤਿੰਨੇ ਤਰ੍ਹਾਂ ਹੀ ਮਰਨਾ ਹੈ। ਇਸਲਾਮ ਕਬੂਲ ਕੀਤਾ ਤਾਂ ਇਹ ਮੌਤ ਬਹੁਤ ਹੀ ਬੁਰੀ ਹੋਵੇਗੀ। ਇਹ ਮੌਤ ਮੇਰੀ ਹੀ ਨਹੀਂ ਇਸ ਨਾਲ ਧਰਮ ਦੀ ਸੁਤੰਤਰਤਾ ਮਰ ਜਾਏਗੀ। ਇਸ ਮੌਤੇ ਮੈਂ ਨਹੀਂ ਮਰਨਾ। ਕਰਾਮਾਤ ਨਾਲ ਵੀ ਰਾਮ ਰਾਇ ਵਾਂਗ ਮਰਨਾ ਹੈ ਇਸ ਨਾਲ ਧਰਮ ਦੇ ਸੱਚ ਦੀ ਮੌਤ ਹੋਵੇਗੀ। ਪਾਖੰਡ ਦਾ ਬੋਲ ਬਾਲਾ ਹੋਵੇਗਾ। ਇਸ ਲਈ ਇਸ ਮੌਤੇ ਵੀ ਮੈਂ ਨਹੀਂ ਮਰਨਾ। ਤੀਸਰੀ ਮੌਤ ਚੰਗੀ ਹੈ ਧਰਮ ਦੀ ਸੁਤੰਤਰਤਾ ਬਚੇਗੀ, ਧਰਮ ਦਾ ਸੱਚ ਬਚੇਗਾ, ਰਜ਼ਾ ਭਾਣੇ ਵਿੱਚ ਰਹਿਣ ਦੀ ਪ੍ਰੇਰਨਾ ਮਿਲੇਗੀ। ਇਸ ਲਈ ਮੈਂ ਇਸ ਮੌਤੇ ਮਰਨ ਲਈ ਤਿਆਰ ਹਾਂ। ਗੁਰੂ ਗੋਬਿੰਦ ਸਿੰਘ ਜੀ ਨੇ ਬਚਿੱਤਰ ਨਾਟਕ ਵਿੱਚ ਲਿਖਿਆ ਹੈ ਕਿ ਇਹ ਸ਼ਹਾਦਤ ਅਦੁੱਤੀ ਸੀ।

(1) ਇਹ ਸ਼ਬਦ ਸਾਧੂਆਂ ਨੂੰ ਬਚਾਉਣ ਲਈ ਸੀ, ਜੇ ਇਹ ਨਾ ਹੁੰਦੀ ਤਾਂ ਪਰਉਪਕਾਰ ਦੀ ਰੁਚੀ ਖ਼ਤਮ ਹੋ ਜਾਂਦੀ।

(2) ਇਹ ਸ਼ਹਾਦਤ ਧਰਮ ਵਾਸਤੇ ਸੀ ਇਹ ਨਾ ਹੁੰਦੀ ਤਾਂ ਧਰਮ ਦੀ ਸੁਤੰਤਰਤਾ ਨਾ ਰਹਿ ਜਾਂਦੀ।

(3) ਇਹ ਸ਼ਹਾਦਤ ਧਾਰਮਿਕ ਚਿੰਨ੍ਹਾਂ ਦੀ ਸੁਤੰਤਰਤਾ ਵਾਸਤੇ ਸੀ।

(4) ਉਨ੍ਹਾਂ ਆਪਣਾ ਸਿਰ ਦੇ ਦਿੱਤਾ ਸੀ ਪਰ ਸੱਚ ਦੀ ਦ੍ਰਿੜ੍ਹਤਾ ਨਹੀਂ ਦਿੱਤੀ।

ਮੈਂ ਆਰੰਭ ਵਿੱਚ ਬੇਨਤੀ ਕੀਤੀ ਸੀ ਕਿ ਉਨ੍ਹਾਂ ਜੋ ਕੀਤਾ ਹੈ ਉਹ ਇੱਕ ਮਨ ਹੋ ਕੇ ਕੀਤਾ ਹੈ। ਉਨ੍ਹਾਂ ਦਾ ਇੱਕ ਮਨ ਸੀ। ਇੱਕ ਪ੍ਰਮਾਤਮਾ ਦੇ ਨਾਮ ਦੇ ਆਸਰੇ ਉਹ ਅੰਦਰੋਂ ਬਾਹਰੋਂ ਇੱਕ ਸਨ। ਏਸੇ ਲਈ ਉਨ੍ਹਾਂ ਜੋ ਫ਼ੈਸਲਾ ਕਰ ਲਿਆ ਉਸੇ ਨੂੰ ਅਸਲੀ ਰੂਪ ਦੇ ਦਿੱਤਾ। ਨਾ ਉਹ ਆਪ ਡੋਲੇ ਤੇ ਨਾ ਉਨ੍ਹਾਂ ਨੂੰ ਕੋਈ ਡੁਲਾ ਸਕਿਆ। ਏਸੇ ਦ੍ਰਿੜ੍ਹਤਾ ਦੇ ਕਾਰਨ ਉਨ੍ਹਾਂ ਦੇ ਸਿੱਖ ਭਾਈ ਦਿਆਲਾ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਸ਼ਹੀਦ ਹੋ ਗਏ ਪਰ ਸੱਚ ਤੇ ਦ੍ਰਿੜ੍ਹ ਰਹੇ।

**ਠੀਕਰ ਫੋਰ ਦਿਲੀਸ ਸਿਰ ਪ੍ਰਭ ਪੁਰ ਕੀਆ ਪਯਾਨ।**
**ਤੇਗ ਬਹਾਦਰ ਸੀ ਕ੍ਰਿਆ ਕਰੀ ਨਾ ਕਿਨਹੂ ਆਨ।**

**ਧੰਨਵਾਦ ਸਾਹਿਤ ਵਿਚੋਂ :- ਗੁਰਪੁਰਬ ਗਾਥਾਵਾਂ**

# ਭਗਤੀ ਦੀ ਸ਼ਕਤੀ

ਨਿਹਚਲ ਦੀਪ ਕੌਰ ਚੀਮਾ

ਭਗਤੀ ਦੀ ਸ਼ਕਤੀ ਨਾਲ
ਕੋਈ ਗਿਆਨ ਅੰਜਨ ਪਾ ਲਵੇ ।
ਦੁਈ ਦਾ ਭੇਦ ਮਿਟਾ ਲਵੇ
ਵੈਰ ਵਰੋਧ ਹਟਾ ਲਵੇ ।
ਕੋਈ ਅੰਤਰ ਧੁੰਨ ਜਗਾ ਲਵੇ
ਕੋਈ ਸੰਖ ਨਾਦ ਵਜਾ ਲਵੇ ।
ਠਾਕੁਰ ਦੇ ਦਰਸ਼ਨ ਪਾ ਲਵੇ
ਧੁੰਨ ਵਿੱਚ ਸਮਾਧੀ ਲਾ ਲਵੇ ।
ਅਨਹਦ ਆਵਾਜ਼ ਨੂੰ ਪਾ ਲਵੇ
ਦਿਨ ਰਾਤ ਕੀਰਤਨ ਗਾ ਲਵੇ ।
ਸੱਚਾ ਅਨੰਦ ਫਿਰ ਪਾ ਲਵੇ
ਗੀਤ ਇਲਾਹੀ ਉਹ ਗਾ ਲਵੇ ।
ਅੰਮ੍ਰਿਤ ਵਿੱਚ ਉਹ ਭਿੱਜੇ ਗਾ
ਅੰਮ੍ਰਿਤ ਵਿੱਚ ਉਹ ਸੋਏ ਗਾ
ਉਹ ਬੰਦਾ  ਨੂਰ ਇਲਾਹੀ ਦਾ
ਉਹ ਬੰਦਾ ਰੱਬ ਦਾ ਹੋਏ ਗਾ ।
ਭਗਤੀ ਦੀ ਸ਼ਕਤੀ ਨਾਲ
ਤੇਰੇ ਸਾਰੇ ਕਾਰਜ ਪੂਰੇ ਨੇ
ਇਹ ਸਾਖਸ਼ਾਤ ਸਤਿਗੁਰੂ ਬੈਠੇ ਨੇ
ਮੁਰਾਦਾਂ ਪੂਰੀਆਂ ਕਰਦੇ ਨੇ ।
ਜੋ ਸਤਿਗੁਰ ਦੇ ਦਰਸ਼ਨ ਕਰਦੇ ਨੇ
ਉਨ੍ਹਾਂ ਦੇ ਰੋਗ ਹਰਦੇ ਨੇ ।
ਜੋ ਬਾਣੀ ਨੂੰ ਪਿਆਰ ਕਰਦੇ ਨੇ
ਰੱਬ ਨੂੰ ਯਾਦ ਕਰਦੇ ਨੇ
ਗੁਰੂਆਂ ਦੀ ਭਗਤੀ ਨੇ
ਗੁਰੂਆਂ ਦੀ ਸ਼ਕਤੀ ਨੇ
ਨਿਹਚਲ ! ਸਾਨੂੰ ਦਿੱਤੀ ਇਲਾਹੀ ਬਾਣੀ ਏ
ਬਾਣੀ ਨੂੰ ਪਾਕੇ ਅੰਮ੍ਰਿਤ ਵਰਸ਼ਾ ਆਣੀ ਏ

# ਚਾਰ ਸਾਹਿਬਜ਼ਾਦੇ

**ਜਸਵੰਤ ਸਿੰਘ ਨੇਕੀ**

ਸਿੱਖ ਪਰਿਭਾਸ਼ਾ ਵਿੱਚ ਸਾਹਿਬਜ਼ਾਦੇ ਗੁਰੂ-ਪੁੱਤਰਾਂ ਨੂੰ ਕਿਹਾ ਜਾਂਦਾ ਹੈ । ਸਤਿਗੁਰ ਦੀ ਵੰਸ਼ ਹੋਣ ਕਾਰਨ ਸਾਰੇ ਗੁਰੂ-ਪੁੱਤਰ ਸਾਡੇ ਸਤਿਕਾਰ ਦੇ ਹੱਕਦਾਰ ਹੋਣੇ ਚਾਹੀਦੇ ਸਨ । ਪਰ ਇਉਂ ਹੋਇਆ ਨਹੀਂ । ਜਿਨ੍ਹਾਂ 'ਪੁਤ੍ਰੀ ਕਉਲੁ ਨ ਪਾਲਿਓ' , ਉਹਨਾਂ ਨੂੰ ਸਤਿਗੁਰਾਂ ਆਪ ਫਿਟਕਾਰ ਦਿੱਤਾ । ਸਤਿਕਾਰ ਜੋਗ ਕੇਵਲ ਓਹਾ ਹੋਏ ਜੋ ਸਿੱਖੀ ਦੀ ਕਸਵੱਟੀ ਤੇ ਪੂਰੇ ਉੱਤਰੇ ।

ਗੁਰੂ ਨਾਨਕ ਸਾਹਿਬ ਦੇ ਦੋ ਪੁੱਤਰ ਹੋਏ : ਬਾਬਾ ਸਿਰੀ ਚੰਦ ਤੇ ਬਾਬਾ ਲਖਮੀ ਦਾਸ । ਬਾਬਾ ਸਿਰੀ ਚੰਦ ਜੀ ਵਿਰੱਕਤ ਸਾਧੂ ਸਨ । ਉਹਨਾਂ 'ਉਦਾਸੀ' ਪੰਥ ਚਲਾਇਆ । ਪਰ ਉਦਾਸੀ ਦੀ ਰੀਤ 'ਗ੍ਰਹਸਤ ਮਾਹਿ ਉਦਾਸ' ਦੇ ਸਿੱਖ ਸਿੱਧਾਂਤ ਦੇ ਪ੍ਰਤਿਕੂਲ ਹੋਣ ਕਾਰਨ ਗੁਰੂ ਬਾਬੇ ਦੀ ਨਜ਼ਰ ਵਿੱਚ ਮਨਜ਼ੂਰ ਨਹੀਂ ਸੀ ਹੋ ਸਕਦੀ । ਬਾਬਾ ਲਖਮੀ ਦਾਸ ਜੀ ਸੰਸਾਰੀ ਰੁਚੀ ਵਾਲੇ ਸਨ । ਇਸ ਲਈ ਉਹ ਵੀ ਪਰਵਾਨ ਨਹੀਂ ਸਨ । ਪਰਵਾਨ ਕੌਣ ਹੋਇਆ ? ਲਹਿਣਾ, ਜਿਸ ਨੂੰ ਬਾਬੇ ਨੇ ਆਪਣੇ ਅੰਗ ਲਗਾ ਕੇ ਗੁਰੂ ਅੰਗਦ ਦੇਵ ਕਰ ਦਿੱਤਾ । ਪਰ ਸਿਰੀ ਚੰਦ ਜੀ ਗੁਰਗੱਦੀ ਨੂੰ ਆਪਣਾ ਹੱਕ ਸਮਝਦੇ ਸਨ । ਉਹਨਾਂ ਬਿਰਾਦਰੀ ਇਕੱਠੀ ਕੀਤੀ । ਸੰਸਾਰੀ ਦ੍ਰਿਸ਼ਟੀ ਵਾਲੀ ਇਸ ਬਿਰਾਦਰੀ ਨੇ ਜਦੋਂ ਗੁਰੂ ਬਾਬੇ ਦੇ ਫ਼ੈਸਲੇ ਤੇ ਕਿੰਤੂ ਕੀਤਾ ਤਦ, ਕਹਿੰਦੇ ਹਨ, ਸਤਿਗੁਰਾਂ ਇੱਕ ਪੈਸਾ ਚੁਕਿਆ ਤੇ ਆਪਣੀ ਮੁੱਠ ਵਿੱਚ ਬੰਦ ਕਰ ਲਿਆ । ਫਿਰ ਉਹਨਾਂ ਸਿਰੀ ਚੰਦ ਜੀ ਨੂੰ ਪੁੱਛਿਆ, “ਸਿਰੀ ਚੰਦ ! ਦੱਸ ਮੇਰੀ ਮੁੱਠੀ ਵਿੱਚ ਕੀ ਹੈ ?” ਉਹ ਕਹਿਣ ਲੱਗੇ, “ਪਿਤਾ ਜੀ ਤੁਹਾਡੀ ਮੁੱਠੀ ਵਿੱਚ ਇੱਕ ਪੈਸਾ ਹੈ ।” ਫਿਰ ਉਹਨਾਂ ਲਖਮੀ ਦਾਸ ਜੀ ਨੂੰ ਪੁੱਛਿਆ । ਉਹ ਕਹਿਣ ਲੱਗੇ, “ਇੱਕ ਪੈਸਾ ਹੀ ਤਾਂ ਹੈ, ਹੋਰ ਕੀ ਹੈ ?” ਤਦ ਉਹਨਾਂ ਗੁਰੂ ਅੰਗਦ ਦੇਵ ਜੀ ਨੂੰ ਪੁੱਛਿਆ, “ਸੱਚੇ ਪਾਤਸ਼ਾਹ ਗੁਰੂ ਅੰਗਦ ਸਾਹਿਬ, ਤੁਸੀਂ ਦੱਸੋ ਮੇਰੀ ਮੁੱਠੀ ਵਿੱਚ ਕੀ ਹੈ ?” ਗੁਰੂ ਅੰਗਦ ਦੇਵ ਜੀ ਬੋਲੇ, “ਹੇ ਮੇਰੇ ਗੋਬਿੰਦ ਰੂਪ, ਮੇਰੀ ਸਮਰਥਾ ਨਹੀਂ ਕਿ ਮੈਂ ਦੱਸ ਸਕਾਂ ਆਪ ਦੀ ਮੁੱਠੀ ਵਿੱਚ ਕੀ ਹੈ । ਤੁਹਾਡੀ ਮੁੱਠੀ ਵਿੱਚ ਨੌ ਨਿਧੀਆਂ, ਅਠਾਰਾਂ ਸਿੱਧੀਆਂ ਹਨ । ਤੁਹਾਡੀ ਮੁੱਠੀ ਵਿੱਚ ਗਿਆਨ ਹੈ, ਕਰਮ ਹੈ । ਤੁਹਾਡੀ ਮੁੱਠੀ ਵਿੱਚ ਪਰਮਾਤਮਾ ਹੈ । ਤੁਹਾਡੀ ਮੁੱਠੀ ਵਿੱਚ ਸਾਰਾ ਸੰਸਾਰ ਹੈ ।” ਤਦ ਗੁਰੂ ਬਾਬੇ ਨੇ ਸਮੱਸਤ ਜੁੜੀ ਬਿਰਾਦਰੀ ਨੂੰ ਆਖਿਆ, “ਵੇਖਿਆ ਜੇ, ਮੇਰੇ ਪੁੱਤਰਾਂ ਨੂੰ ਇੱਕ ਪੈਸੇ ਤੋਂ ਅੱਗੇ ਕੁਝ ਨਹੀਂ ਦਿਸਿਆ । ਗੁਰਿਆਈ ਤਾਂ ਗੁਰੂ ਅੰਗਦ ਸਾਹਿਬ ਵਾਲੀ ਦ੍ਰਿਸ਼ਟੀ ਵਾਲੇ ਦਾ ਹੀ ਹੱਕ ਹੋ ਸਕਦੀ ਹੈ । ਸੋ ਉਹਨਾਂ ਪ੍ਰਾਪਤ ਕਰ ਲਈ ।” ਸਾਹਿਬਜ਼ਾਦੇ ਵਾਂਵੇ ਰਹਿ ਗਏ ।

ਗੁਰੂ ਅੰਗਦ ਸਾਹਿਬ ਦੇ ਦੋ ਸਾਹਿਬਜ਼ਾਦੇ ਸਨ : ਸ੍ਰੀ ਦਾਸੂ ਜੀ ਤੇ ਸ੍ਰੀ ਦਾਤੂ ਜੀ । ਉਹ ਵੀ ਸਿੱਖੀ ਦੀ ਕਸਵੱਟੀ ਤੇ ਪੂਰੇ ਨ ਉੱਤਰ ਸਕੇ । ਗੁਰੂ ਅਮਰਦਾਸ ਜੀ ਗੁਰੂ ਥਾਪ

ਦਿੱਤੇ ਗਏ। ਤਦ ਦਾਤੂ ਜੀ ਨੇ ਭਰੇ ਦਰਬਾਰ ਵਿੱਚ ਆ ਕੇ ਬਿਰਧ ਗੁਰੂ ਅਮਰਦਾਸ ਜੀ ਨੂੰ ਲੱਤ ਕੱਢ ਮਾਰੀ। ਗੁਰੂ ਅਮਰਦਾਸ ਜੀ ਨੇ ਅੱਗੋਂ ਉਹਨਾਂ ਦੇ ਚਰਨ ਘੁੱਟਣੇ ਸ਼ੁਰੂ ਕਰ ਦਿੱਤੇ ਤੇ ਕਿਹਾ, "ਮੈਨੂੰ ਖਿਮਾ ਕਰ ਦੇਣਾ, ਮੇਰੀਆਂ ਬੁੱਢੀਆਂ ਹੱਡੀਆਂ ਕਾਰਨ ਤੁਹਾਡੇ ਕੋਮਲ ਚਰਨਾਂ ਨੂੰ ਸੱਟ ਵੱਜੀ ਹੋਵੇਗੀ।"

ਗੁਰੂ ਅਮਰਦਾਸ ਸਾਹਿਬ ਦੇ ਵੀ ਦੋ ਸਾਹਿਬਜ਼ਾਦੇ ਸਨ: ਮੋਹਰੀ ਜੀ ਤੇ ਮੋਹਨ ਜੀ। ਇਹ ਵੀ ਨਜ਼ਰ-ਅੰਦਾਜ਼ ਹੋਏ ਤੇ ਗੁਰਗੱਦੀ ਜੇਠਾ ਜੀ (ਸ੍ਰੀ ਰਾਮਦਾਸ ਜੀ) ਨੂੰ ਮਿਲੀ। ਗੁਰਿਆਈ ਦੇਣ ਮਗਰੋਂ ਗੁਰੂ ਅਮਰਦਾਸ ਜੀ ਨੇ ਆਪਣੇ ਸਾਹਿਬਜ਼ਾਦਿਆਂ ਨੂੰ ਗੁਰੂ ਰਾਮਦਾਸ ਜੀ ਨੂੰ ਨਮਸਕਾਰ ਕਰਨ ਦਾ ਆਦੇਸ਼ ਦਿੱਤਾ। ਮੋਹਰੀ ਜੀ ਤਾਂ ਪੈਰੀ ਪੈ ਗਏ, ਪਰ ਮੋਹਨ ਜੀ ਨੇ ਰੋਸ ਪਰਗਟ ਕਰਦਿਆਂ ਆਖਿਆ, "ਗੁਰਗੱਦੀ ਰਾਮਦਾਸ ਦਾ ਹੱਕ ਨਹੀਂ, ਉਹ ਜਵਾਈ ਹੈ। ਮੈਂ ਤੁਹਾਡਾ ਬੇਟਾ ਹਾਂ, ਹੱਕ ਮੇਰਾ ਹੈ।" ਗੁਰੂ ਅਮਰਦਾਸ ਜੀ ਨੇ ਉੱਤਰ ਦਿੱਤਾ, "ਇਸ ਗੱਦੀ ਤੇ ਕਿਸੇ ਦਾ ਦਾਅਵਾ ਨਹੀਂ। ਇਹ ਸਚਖੰਡ ਦੀ ਹੁੰਡੀ ਹੈ। ਇਸ ਉੱਤੇ ਜਿਸ ਦਾ ਹੱਕ ਸੀ ਉਸ ਨੇ ਇਸ ਨੂੰ ਪਾ ਲਿਆ ਹੈ।"

ਗੁਰੂ ਰਾਮਦਾਸ ਜੀ ਦੇ ਤਿੰਨ ਸਾਹਿਬਜ਼ਾਦੇ ਹੋਏ: ਪ੍ਰਿਥੀ ਚੰਦ ਜੀ, ਮਹਾਦੇਵ ਜੀ ਤੇ ਅਰਜਨ ਦੇਵ ਜੀ। ਪ੍ਰਿਥੀ ਚੰਦ ਜੀ ਦੁਨੀਆਦਾਰ ਸਨ, ਮਹਾਦੇਵ ਜੀ ਵਿਰੱਕਤ ਤੇ ਅਰਜਨ ਦੇਵ ਜੀ ਆਗਿਆਕਾਰ। ਸਿਹਾਰੀ ਮਲ ਜੀ ਦੇ ਬੇਟੇ ਦੀ ਸ਼ਾਦੀ ਵਿੱਚ ਸ਼ਾਮਲ ਹੋਣ ਲਈ ਗੁਰੂ ਰਾਮਦਾਸ ਜੀ ਨੇ ਆਪਣੀ ਥਾਂ ਕਿਸੇ ਬੇਟੇ ਨੂੰ ਘੱਲਣ ਦਾ ਸੰਕਲਪ ਬਣਾਇਆ ਤਾਂ ਪ੍ਰਿਥੀ ਚੰਦ ਕਹਿਣ ਲੱਗੇ, "ਪਿਤਾ ਜੀ, ਤੁਹਾਨੂੰ ਪਤਾ ਹੈ ਸਾਰਾ ਹਿਸਾਬ ਕਿਤਾਬ ਤੇ ਲੰਗਰ ਦਾ ਇੰਤਜ਼ਾਮ ਆਦਿ ਮੈਂ ਸੰਭਾਲਿਆ ਹੋਇਆ ਹੈ। ਮੈਂ ਚਲਾ ਗਿਆ ਤਾਂ ਤੁਹਾਨੂੰ ਮੁਸ਼ਕਲ ਹੋਵੇਗੀ। ਚੰਗਾ ਹੋਵੇ ਤੁਸੀਂ ਹੋਰ ਕਿਸੇ ਨੂੰ ਘੱਲ ਦਿਓ।" ਜਦੋਂ ਮਹਾਦੇਵ ਜੀ ਨੂੰ ਪੁੱਛਿਆ ਤਾਂ ਉਹ ਬੋਲੇ, "ਮੇਰਾ ਕਿਸੇ ਨਾਲ ਕੋਈ ਰਿਸ਼ਤਾ ਨਹੀਂ ਰਹਿ ਗਿਆ। ਮੈਂ ਕਿਸੇ ਸ਼ਾਦੀ ਤੇ ਨਹੀਂ ਜਾਣਾ।" ਜਦ ਸ੍ਰੀ ਅਰਜਨ ਦੇਵ ਜੀ ਨੂੰ ਪੁੱਛਿਆ ਤਾਂ ਉਹ 'ਸਤਿ ਬਚਨ' ਆਖ ਕੇ ਤੁਰੰਤ ਤਿਆਰ ਹੋ ਗਏ। ਬਚਨ-ਪਾਲਕ ਅਰਜਨ ਦੇਵ ਜੀ ਗੁਰ-ਗੱਦੀ ਦੇ ਮਾਲਕ ਹੋ ਗਏ। ਪਰ, ਅਭਿਮਾਨ-ਮੁੱਠੇ ਪ੍ਰਿਥੀ ਚੰਦ ਜੀ ਸਾੜੇ ਦੀ ਅੱਗ ਵਿੱਚ ਜਲਣ ਲੱਗੇ। ਉਹਨਾਂ ਕਈ ਢੰਗਾਂ ਨਾਲ ਗੁਰੂ ਅਰਜਨ ਦੇਵ ਜੀ ਨੂੰ ਦੁੱਖ ਪੁਚਾਉਣ ਦੇ ਯਤਨ ਕੀਤੇ, ਪਰ ਸ਼ਾਂਤੀ ਦੇ ਪੁੰਜ ਗੁਰੂ ਜੀ ਨੇ ਕਦੇ ਮੱਥੇ ਤੇ ਵੱਟ ਨ ਪਾਇਆ।

ਗੁਰੂ ਅਰਜਨ ਦੇਵ ਜੀ ਦੇ ਇੱਕੋ ਹੀ ਸਾਹਿਬਜ਼ਾਦੇ ਸ੍ਰੀ ਹਰਿ ਗੋਬਿੰਦ ਜੀ ਹੋਏ, ਤੇ ਉਹ ਗੁਰਗੱਦੀ ਦੇ ਮਾਲਕ ਥਾਪੇ ਗਏ। ਉਹਨਾਂ ਦੇ ਅੱਗੋਂ ਪੰਜ ਸਾਹਿਬਜ਼ਾਦੇ ਹੋਏ : ਬਾਬਾ ਗੁਰਦਿੱਤਾ ਜੀ, ਬਾਬਾ ਸੂਰਜ ਮਲ ਜੀ, ਬਾਬਾ ਅਣੀ ਰਾਏ ਜੀ, ਬਾਬਾ ਤਿਆਗ ਮਲ ਜੀ, ਤੇ ਬਾਬਾ ਅਟੱਲ ਰਾਏ ਜੀ। ਬਾਬਾ ਗੁਰਦਿੱਤਾ ਜੀ ਉਦਾਸੀ ਹੋ ਗਏ। ਬਾਬਾ ਸੂਰਜ ਮਲ ਤੇ ਅਣੀ ਰਾਏ ਜੀ ਦੁਨੀਆਵੀ ਰੁਚੀਆਂ ਵਾਲੇ ਨਿਕਲੇ। ਬਾਬਾ ਅਟੱਲ ਰਾਏ ਜੀ ਛੋਟੀ ਉਮਰ

ਵਿੱਚ ਹੀ ਆਪਣੇ ਮੋਏ ਹੋਏ ਆੜੀ ਨੂੰ ਮੁੜ ਜਿਵਾਲਣ ਦੀ ਕਰਾਮਾਤ ਕਰਨ ਕਰਕੇ ਪਿਤਾ ਗੁਰੂ ਦੇ ਰੋਸ ਦਾ ਕਾਰਨ ਬਣੇ ਤੇ ਪ੍ਰਾਣ ਤਿਆਗ ਗਏ। ਬਾਬਾ ਤਿਆਗ ਮੱਲ ਜੀ, ਜਿਨ੍ਹਾਂ ਨੂੰ ਜੰਗ ਵਿੱਚ ਜੌਹਰ ਦਿਖਾਣ ਪੁਰ ਗੁਰੂ ਹਰਿ ਗੋਬਿੰਦ ਜੀ ਨੇ ਪ੍ਰਸੰਨ ਹੋ ਕੇ 'ਤੇਗ਼ ਬਹਾਦਰ' ਦਾ ਖ਼ਿਤਾਬ ਦਿੱਤਾ, ਬਾਦ ਵਿੱਚ ਨੌਵੇਂ ਗੁਰੂ ਹੋਏ। ਪਰ, ਹਰਿ ਗੋਬਿੰਦ ਸਾਹਿਬ ਤੋਂ ਬਾਦ ਗੁਰਗੱਦੀ ਉਹਨਾਂ ਦੇ ਪੋਤੇ (ਬਾਬਾ ਗੁਰਦਿੱਤਾ ਜੀ ਦੇ ਸਪੁੱਤਰ) ਸ੍ਰੀ ਹਰਿ ਰਾਇ ਜੀ ਨੂੰ ਮਿਲੀ।

ਗੁਰੂ ਹਰਿ ਰਾਇ ਜੀ ਦੇ ਦੋ ਸਾਹਿਬਜ਼ਾਦੇ ਹੋਏ : ਬਾਬਾ ਰਾਮ ਰਾਇ ਜੀ ਤੇ ਸ੍ਰੀ ਹਰਿਕ੍ਰਿਸ਼ਨ ਜੀ। ਬਾਬਾ ਰਾਮ ਰਾਇ ਜੀ ਕਰਣੀ ਵਾਲੇ ਸਨ, ਪਰ ਬਾਦਸ਼ਾਹ ਔਰੰਗਜ਼ੇਬ ਦੀ ਖ਼ੁਸ਼ਨੂਦੀ ਹਾਸਲ ਕਰਨ ਹਿੱਤ ਗੁਰੂ ਗ੍ਰੰਥ ਸਾਹਿਬ ਜੀ ਦੀ ਤੁੱਕ ਬਦਲ ਬੈਠੇ, ਜਿਸ ਪੁਰ ਗੁਰੂ ਹਰਿ ਰਾਇ ਜੀ ਨੇ ਉਹਨਾਂ ਨੂੰ ਕਦੇ ਮੂੰਹ ਨ ਲਾਉਣ ਦਾ ਫ਼ੈਸਲਾ ਕਰ ਲਿਆ। ਗੁਰਗੱਦੀ, ਧੀਰਮਲ ਦੀ ਈਰਖਾ ਦੇ ਬਾਵਜੂਦ ਪੰਜ ਸਾਲ ਦੇ ਬਾਲਕ ਗੁਰੂ ਹਰਿਕ੍ਰਿਸ਼ਨ ਜੀ ਨੂੰ ਪ੍ਰਾਪਤ ਹੋਈ, ਜਿਨ੍ਹਾਂ ਆਪਣਾ ਜਾ-ਨਸ਼ੀਨ 'ਬਾਬੇ ਬਕਾਲੇ' ਦੇ ਸੰਕੇਤ ਨਾਲ ਗੁਰੂ ਤੇਗ਼ ਬਹਾਦਰ ਨੂੰ ਸਥਾਪਤ ਕੀਤਾ।

ਗੁਰੂ ਤੇਗ਼ ਬਹਾਦਰ ਜੀ ਦੇ ਇੱਕੋ ਇੱਕ ਸਾਹਿਬਜ਼ਾਦੇ ਗੋਬਿੰਦ ਰਾਏ ਜੀ ਹੋਏ, ਜੋ ਪੰਥ ਦੇ ਵਾਲੀ, ਦਸਮੇਸ਼ ਪਿਤਾ, ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਨਾਲ ਪ੍ਰਸਿੱਧ ਹੋਏ। ਅੱਗੋਂ ਉਹਨਾਂ ਦੇ ਚਾਰ ਸਾਹਿਬਜ਼ਾਦੇ ਹੋਏ : ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹ ਸਿੰਘ। ਇਹ ਚਾਰੇ ਸਾਹਿਬਜ਼ਾਦੇ ਬੜੀ ਅਦੁੱਤੀ ਪ੍ਰਤਿਭਾ ਦੇ ਮਾਲਕ ਸਨ। ਉਹਨਾਂ ਪੰਥਕ ਆਨ ਤੇ ਸ਼ਾਨ ਹਿੱਤ ਬੇਮਿਸਾਲ ਸ਼ਹਾਦਤਾਂ ਦਿੱਤੀਆਂ। ਇਹਨਾਂ ਨੂੰ ਹੀ ਸਾਰਾ ਪੰਥ ਨਿੱਤ ਅਰਦਾਸ ਵਿੱਚ ਸ਼ਰਧਾ ਤੇ ਵੈਰਾਗ ਭਰੇ ਮਨ ਨਾਲ ਚੇਤੇ ਕਰਦਾ ਹੈ।

ਅਨੰਦਪੁਰ ਸਾਹਿਬ ਦਾ ਕਿਲ੍ਹਾ ਛੋੜਨ ਮਗਰੋਂ, ਸਰਸਾ ਨਦੀ ਪਾਰ ਕਰਦਿਆਂ ਵੱਡੇ ਦੋ ਸਾਹਿਬਜ਼ਾਦੇ ਤਾਂ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਰਹੇ ਤੇ ਚਮਕੌਰ ਦੀ ਗੜ੍ਹੀ ਵਿੱਚ ਪਹੁੰਚ ਗਏ। ਛੋਟੇ ਦੋ ਸਾਹਿਬਜ਼ਾਦੇ ਮਾਤਾ ਗੁਜਰੀ ਜੀ ਸਣੇ ਗੁਰੂ ਸਾਹਿਬ ਨਾਲੋਂ ਵਿਛੜ ਗਏ ਤੇ ਗੰਗੂ ਰਸੋਈਏ ਦੇ ਧ੍ਰੋਹ ਕਾਰਨ ਮੁਗ਼ਲ ਹਾਕਮਾਂ ਦੇ ਹੱਥ ਆ ਗਏ ਤੇ ਸਰਹਿੰਦ ਦੇ ਬੁਰਜ ਵਿੱਚ ਕੈਦ ਕਰ ਦਿੱਤੇ ਗਏ। ਸਾਹਿਬਜ਼ਾਦਿਆਂ ਦੀਆਂ ਦੋਨਾਂ ਜੋੜੀਆਂ ਦੇ ਸ਼ਹੀਦੀ-ਬਿਰਤਾਂਤ ਬੜੇ ਰੋਮਾਂਚਕ ਹਨ।

ਚਮਕੌਰ ਦੀ ਗੜ੍ਹੀ ਵਿੱਚ ਗੁਰੂ ਗੋਬਿੰਦ ਸਿੰਘ ਜੀ ਤੇ ਉਨ੍ਹਾਂ ਦੇ ਨਾਲ ਦੇ ਚਾਲੀ ਸਿੰਘਾਂ ਨੂੰ ਦਸ ਲੱਖ ਫ਼ੌਜ ਨੇ ਘੇਰ ਲਿਆ ਸੀ। ਸਿੱਖਾਂ ਨੇ ਗੁਰੂ ਜੀ ਨੂੰ ਕਿਹਾ, "ਅਸੀਂ ਸਾਰੇ ਸ਼ਹੀਦੀ ਪਾ ਜਾਵਾਂਗੇ, ਤੁਸੀਂ ਸਾਹਿਬਜ਼ਾਦਿਆਂ ਨੂੰ ਲੈ ਕੇ ਨਿਕਲ ਜਾਓ।" ਗੁਰੂ ਜੀ ਨੇ ਅੱਗੋਂ ਕਿਹਾ, "ਤੁਸੀਂ ਕਿਹੜੇ ਸਾਹਿਜ਼ਾਦਿਆਂ ਦੀ ਗੱਲ ਕਰਦੇ ਹੋ ? ਤੁਸੀਂ ਸਾਰੇ ਮੇਰੇ ਸਾਹਿਬਜ਼ਾਦੇ ਹੋ।"

ਤੱਦ, ਕਹਿੰਦੇ ਹਨ, ਸਾਹਿਬਜ਼ਾਦਾ ਅਜੀਤ ਸਿੰਘ ਜੀ (ਉਮਰ 18 ਵਰ੍ਹੇ) ਉੱਠੇ ਤੇ ਗੁਰੂ ਜੀ ਪਾਸੋਂ ਗੜ੍ਹੀ ਤੋਂ ਬਾਹਰ ਜਾ ਕੇ ਦੁਸ਼ਮਣ ਨਾਲ ਜੂਝਣ ਦੀ ਆਗਿਆ ਮੰਗੀ। ਗੁਰੂ ਜੀ ਨੇ ਪ੍ਰਸੰਨ ਹੋ ਕੇ ਤੇ ਪੰਜ ਸਿੰਘ ਨਾਲ ਦੇ ਕੇ ਵਿਦਾ ਕੀਤਾ। ਬਾਬਾ ਅਜੀਤ ਸਿੰਘ ਮੈਦਾਨੇ ਜੰਗ ਵਿੱਚ ਕੁੱਦ ਪਏ, ਤੇ ਗੁਰੂ ਗੋਬਿੰਦ ਸਿੰਘ ਜੀ ਉੱਚੇ ਬੈਠ ਕੇ ਉਹਨਾਂ ਦੀ ਸੂਰਮਗਤੀ ਦੇ ਜੌਹਰ ਵੇਖ ਵੇਖ ਪ੍ਰਸੰਨ ਹੋਣ ਲੱਗੇ। ਬਾਬਾ ਅਜੀਤ ਸਿੰਘ ਨੇ ਮੁਗ਼ਲ ਫ਼ੌਜਾਂ ਦੇ ਬੜੇ ਆਹੂ ਲਾਹੇ। ਕਵੀ ਸੈਨਾਪਤੀ ਲਿਖਦਾ ਹੈ ਕਿ ਵੈਰੀ ਸਾਹਿਬਜ਼ਾਦੇ ਹੱਥੋਂ ਮਰਦਿਆਂ "ਅਰੇ ਖ਼ੁਦਾਇ ! ਅਰੇ ਖ਼ੁਦਾਇ !" ਕੂਕਦੇ ਸਨ। ਅੰਤ, ਜਦ ਉਸ ਦੇ ਸਾਰੇ ਤੀਰ ਖ਼ਤਮ ਹੋ ਗਏ ਤਾਂ ਇੱਕ ਬਰਛਾ ਉਸ ਦੇ ਸਿਰ ਵਿੱਚ ਆ ਕੇ ਵੱਜਾ ਤੇ ਉਹ ਦੁਸ਼ਮਣਾਂ ਦੇ ਘੇਰੇ ਵਿੱਚ ਸ਼ਹੀਦ ਹੋ ਗਏ। ਗੁਰੂ ਗੋਬਿੰਦ ਸਿੰਘ ਜੀ ਨੇ ਫ਼ਤਹ ਦਾ ਜੈਕਾਰਾ ਗਜਾਇਆ ਤੇ ਕਿਹਾ, "ਹੇ ਅਕਾਲ ਪੁਰਖ, ਤੇਰੀ ਅਮਾਨਤ ਅਦਾ ਹੋਈ ਹੈ।"

ਵਕਤ ਦੀ ਨਜ਼ਾਕਤ ਸਮਝ ਕੇ, ਤਦ, ਸਾਹਿਬਜ਼ਾਦਾ ਜੁਝਾਰ ਸਿੰਘ (ਉਮਰ 14 ਸਾਲ) ਪਿਤਾ ਜੀ ਦੀ ਆਗਿਆ ਲੈ ਕੇ, ਆਪਣੇ ਵੱਡੇ ਵੀਰ ਦੀ ਤਰ੍ਹਾਂ, ਰਣ-ਤੱਤੇ ਦੀ ਬਲਦੀ ਅੱਗ ਵਿੱਚ ਜਾ ਕੁੱਦੇ। ਜਿਤਨਾ ਚਿਰ ਦਿਨ ਰਿਹਾ, ਉਹ ਜਾਨ ਤੋੜ ਕੇ ਲੜੇ ਤੇ ਵੈਰੀ ਦਲ ਨੂੰ ਆਪਣੀ ਸੂਰਮਤਾਈ ਵਲੋਂ ਕਾਇਲ ਕਰਦੇ ਰਹੇ। ਜਦ ਸੂਰਜ ਡੁੱਬ ਰਿਹਾ ਸੀ, ਬਾਬਾ ਜੁਝਾਰ ਸਿੰਘ ਵੀ ਸ਼ਹੀਦੀ ਪ੍ਰਾਪਤ ਕਰ ਗਏ।

ਦੋਵੇਂ ਵੱਡੇ ਸਾਹਿਬਜ਼ਾਦੇ, ਇਸ ਤਰ੍ਹਾਂ, ਚਮਕੌਰ ਦੀ ਜੰਗ ਵਿੱਚ ਜੂਝ ਕੇ, ਵੀਰ-ਗਤੀ ਨੂੰ ਪ੍ਰਾਪਤ ਹੋਏ। ਇੰਜ ਲਗਦਾ ਹੈ ਜਿਵੇਂ ਉਹਨਾਂ ਦੀ ਇਹ ਅਰਦਾਸ ਪੂਰੀ ਹੋਈ ਹੋਵੇ :

**ਜਬ ਆਵ ਕੀ ਅਉਧ ਨਿਦਾਨ ਬਨੈ ਅਤਿ ਹੀ ਰਨ ਮੈ ਤਬ ਜੂਝ ਮਰੋ ॥੨੩੧॥**
**ਉਕਤਿ ਬਿਲਾਸ ਅ. ੮ - ਸ੍ਰੀ ਦਸਮ ਗ੍ਰੰਥ ਸਾਹਿਬ**

ਓਧਰ, ਮਾਤਾ ਗੁਜਰੀ ਜੀ ਸਣੇ, ਛੋਟੇ ਸਾਹਿਬਜ਼ਾਦਿਆਂ ਨੂੰ ਵਜ਼ੀਰ ਖ਼ਾਨ ਨੇ ਸਰਹਿੰਦ ਦੇ ਬੁਰਜ ਵਿੱਚ ਕੈਦ ਕਰ ਦਿੱਤਾ ਸੀ। ਸਾਹਿਬਜ਼ਾਦਿਆਂ ਨੂੰ ਅਗਲੇ ਦਿਨ ਕਚਹਿਰੀ ਵਿੱਚ ਬੁਲਾਇਆ ਗਿਆ। ਮਾਤਾ ਜੀ ਨੇ ਇਉਂ ਹਿਦਾਇਤ ਕਰ ਕੇ ਤੋਰਿਆ, "ਮੇਰੇ ਜਿਗਰ ਦੇ ਟੋਟਿਓ, ਯਾਦ ਰਖਿਓ, ਤੁਸੀਂ ਗੁਰੂ ਗੋਬਿੰਦ ਸਿੰਘ ਦੇ ਫ਼ਰਜ਼ੰਦ, ਗੁਰੂ ਤੇਗ਼ ਬਹਾਦਰ ਪਾਤਸ਼ਾਹ ਦੇ ਪੋਤੇ ਤੇ ਗੁਰੂ ਨਾਨਕ ਦੇਵ ਸਾਹਿਬ ਦੇ ਸਿੱਖ ਹੋ। ਆਪਣੇ ਧਰਮ ਨੂੰ ਆਂਚ ਨ ਆਉਣ ਦੇਣੀ।" ਕਚਹਿਰੀ ਵਿੱਚ ਉਹਨਾਂ ਬੱਚਿਆਂ ਨੂੰ ਕਿਹਾ ਗਿਆ, "ਤੁਹਾਡੀ ਉਮਰ ਛੋਟੀ ਹੈ, ਤੁਹਾਨੂੰ ਛੋੜ ਦੇਣ ਬਾਰੇ ਵਿਚਾਰ ਕਰ ਰਹੇ ਹਾਂ। ਜੇਕਰ ਤੁਹਾਨੂੰ ਛੋੜ ਦੇਈਏ ਤਾਂ ਕੀ ਕਰੋਗੇ ?" ਬਾਬਾ ਜ਼ੋਰਾਵਰ ਸਿੰਘ ਜੀ ਬੋਲੇ :

**"ਵਿੱਚ ਜੰਗਲਾਂ ਜਾਵਾਂਗੇ, ਸਿੱਖਾਂ ਜੋੜ ਲਿਆਵਾਂਗੇ,**
**ਸ਼ਸਤ੍ਰ ਇੱਕਠੇ ਕਰਾਂਗੇ, ਘੋੜਿਆਂ ਉਪਰ ਚੜ੍ਹਾਂਗੇ, ਨਾਲ ਤੁਹਾਡੇ ਲੜਾਂਗੇ।"**

ਦਰਬਾਰੀਆਂ ਆਖਿਆ, "ਇਹ ਸਪੋਲੀਏ ਨੇ। ਇਹਨਾਂ ਨੂੰ ਛਡਣਾ ਰਾਜਨੀਤੀ

ਨਹੀਂ।” ਫਿਰ ਉਹਨਾਂ ਨੂੰ ਤਰ੍ਹਾਂ-ਤਰ੍ਹਾਂ ਦੇ ਲਾਲਚ ਦੇ ਕੇ ਇਸਲਾਮ ਕਬੂਲਣ ਲਈ ਪ੍ਰੇਰਿਆ ਗਿਆ। ਪਰ ਉਹ ਕਿਸੇ ਲਾਲਚ ਵਿੱਚ ਵੀ ਨ ਆਏ। ਅਖ਼ੀਰ ਕੋਈ ਵਾਹ ਵੀ ਨ ਲੱਗਦੀ ਵੇਖ ਕੇ ਉਨ੍ਹਾਂ ਨੂੰ ਕੰਧ ਵਿੱਚ ਜ਼ਿੰਦਾ ਚਿਣਾ ਦੇਣ ਦਾ ਹੁਕਮ ਸਾਦਰ ਕਰ ਦਿੱਤਾ। ਇਉਂ ਦੋਵੇਂ ਮਾਸੂਮ ਜਿੰਦਾਂ ਸ਼ਹੀਦੀ ਪ੍ਰਾਪਤ ਕਰ ਗਈਆਂ, ਪਰ ਉਹਨਾਂ ਧਰਮ ਨ ਹਾਰਿਆ।

ਮਹਾਭਾਰਤ ਵਿੱਚ ਬਿਆਸ ਜੀ ਕਹਿੰਦੇ ਹਨ: “ਕਾਮਨਾ ਤੋਂ, ਲੋਭ ਤੋਂ ਜਾਂ ਪ੍ਰਾਣ ਬਚਾਉਣ ਦੀ ਲਾਲਸਾ ਤੋਂ ਧਰਮ ਦਾ ਤਿਆਗ ਕਦੇ ਨ ਕਰਨਾ। ਧਰਮ ਹੀ ਨਿੱਤ ਹੈ, ਸੁੱਖ ਦੁੱਖ ਤਾਂ ਸਭ ਅਨਿੱਤ ਹਨ।” ਡਾ. ਬਲਬੀਰ ਸਿੰਘ ਜੀ ਮਹਾਭਾਰਤ ਦੇ ਉਪਰੋਕਤ ਹਵਾਲੇ ਨਾਲ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਕਹਿੰਦੇ ਹਨ: “ਇਉਂ ਲਗਦਾ ਹੈ ਬਯਾਸ ਜੀਖ਼ੁਦ ਅੱਜ ਸਰਹਿੰਦ ਵੱਲ ਤੱਕ ਰਹੇ ਹਨ ਤੇ ਕਹਿ ਰਹੇ ਹਨ: 'ਹੇ ਪ੍ਰਮਾਤਮਾ ਦੇਵ, ਕੀ ਇਹਸੰਭਵ ਹੈ, ਐਸ ਬਾਲ ਅਵਸਥਾ ਵਿੱਚ, ਐਸ ਅਧੋਗਤੀ ਦੇ ਸਮੇਂ ਵਿੱਚ ਇਹ ਦੋ ਸੁਕੁਮਾਰ ਦ੍ਰਿੜ੍ਹ ਰਹਿ ਸਕਣ!! ਹੇ ਦੇਵ! ਮਹਾਭਾਰਤ ਦਾ ਆਸ਼ਾ ਪੂਰਨ ਹੋਣ ਲਗਾ ਹੈ। ਹੇ ਦੇਵ! ਇਹ ਮੇਰੇ ਮੰਤਵ ਤੋਂ ਵੀ ਗੱਲ ਵੱਧ ਗਈ ਹੈ। ਮੇਰੇ ਖ਼ਿਆਲ ਵਿੱਚੋਂ ਕਦੇ ਮਾਸੂਮ ਬੱਚੇ ਨਹੀਂ ਸਨ ਲੰਘੇ। ਹੇ ਦੇਵ! ਹੁਣ ਬਸ ਕਰੋ, ਹੋਰ ਦੇਖਿਆ ਨਹੀਂ ਜਾਂਦਾ, ਤ੍ਰਾਹ ਤ੍ਰਾਹ।”

ਧੁਰ ਉੱਪਰ, ਦੂਰ ਉੱਚੇ ਖੰਡ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਗਦ ਗਦ ਹੋ ਰਹੇ ਸਨ, ਮਾਨੋ ਉਹ ਕਹਿ ਰਹੇ ਹਨ: “ਸ਼ਾਬਾਸ਼ ਬੱਚਿਓ! ਸ਼ਾਬਾਸ਼ ਬੇਟਿਓ! ਤੁਸੀਂ ਜਦੋਂ ਅਜੇ ਸੰਸਾਰ ਵਿੱਚ ਨਹੀਂ ਸੀ ਉਪਜੇ... ਮੈਂ ਉਸ ਵੇਲੇ ਤੁਹਾਡੀ ਹੀ ਆਤਮਾ ਨੂੰ, ਜੋ ਅਨੰਤ ਦੀ ਗੋਦ ਵਿੱਚ ਬੈਠੀ ਸੀ, ਨਿਰਭੈਤਾ ਦੀ ਪ੍ਰਾਣ-ਕਲਾ ਨਾਲ ਸਫੁਰਤ ਕਰ ਰਿਹਾ ਸਾਂ। ... ਆਓ ਲਾਲੋ! ਆਓ ਆਪਣੇ ਦਾਦੇ ਦੀ ਗੋਦ ਵਿੱਚ, ਆਓ! ਤੁਸੀਂ ਆਪਣੀ ਵਯਕਤੀ ਆਪਣੇ ਨਾਂ ਵਿੱਚ ਛੱਡ ਆਏ ਹੋ। ਆਓ! ਤੁਹਾਡਾ ਨਾਂ ਕੌਮ ਦੇ ਖ਼ੂਨ ਦੀ ਤੜਪ ਵਿੱਚ ਹਮੇਸ਼ਾ ਜ਼ਿੰਦਾ ਰਹੇਗਾ। ਆਓ, ਦਾਦੇ ਦੀ ਗੋਦ ਵਿੱਚ ਅਵਯਕਤ ਬਿਸ੍ਰਾਮ ਲਈ।”

ਐਸਾ ਸੁਭਾਗ ਉਨ੍ਹਾਂ ਨੂੰ ਹੀ ਪ੍ਰਾਪਤ ਹੁੰਦਾ ਹੈ ਜੋ ਨਿਰਭਉ ਦੀ ਸਦਾ ਥਿਰ ਪਉੜੀ ਉੱਤੇ ਤਾੜੀ ਲਾ ਕੇ ਖੜੋਤੇ ਹੋਣ। ਐਸੀ ਹੀ ਥਿਰਤਾ ਦੇ ਮਾਲਕ ਸਨ ਇਹ ਸਾਹਿਬਜ਼ਾਦੇ, ਜਿਨ੍ਹਾਂ ਬਾਲ ਵਰੇਸ ਵਿੱਚ ਹੀ ਉਹ ਕੁਝ ਕਰ ਵਿਖਾਇਆ ਜੋ ਵੱਡੇ ਵੱਡੇ ਜਿਗਰਿਆਂ ਵਾਲੇ ਵੀ ਨਹੀਂ ਕਰ ਸਕਦੇ। ਇਉਂ ਉਹ ਚਾਰੇ ਮਸੂਮ ਜਿੰਦਾ ਸ਼ਹੀਦੀ ਪ੍ਰਾਪਤ ਕਰ ਗਈਆਂ, ਪਰ ਉਹਨਾਂ ਸਿੱਖੀ ਸਿਦਕ ਨ ਹਾਰਿਆ।

ਚੌਹਾਂ ਸਾਹਿਬਜ਼ਾਦਿਆਂ ਦਾ ਅਦੁੱਤੀ ਸਿਰੜ, ਬੇਖ਼ੌਫ਼ ਸੂਰਮਗਤੀ, ਤੇ ਬੇ-ਮਿਸਾਲ ਸ਼ਹਾਦਤ ਸਾਰੇ ਪੰਥ ਲਈ ਸਦੀਵੀ ਪ੍ਰੇਰਨਾ ਹੈ।

ਇਹਨਾਂ ਸਾਹਿਬਜ਼ਾਦਿਆਂ ਦੇ ਕਿਰਦਾਰ ਤੋਂ ਇੱਕ ਗੱਲ ਇਹ ਸਪਸ਼ਟ ਹੁੰਦੀ ਹੈ ਕਿ ਆਤਮਕ ਬਲ ਦਾ ਉਮਰ ਨਾਲ ਕੋਈ ਸੰਬੰਧ ਨਹੀਂ। ਇਹ ਚਾਰੇ ਕੱਚੀ ਉਮਰ ਵਿੱਚ ਸੱਚ ਮੁੱਚ ਬਾਬੇ ਸਨ, ਵੱਡੀ ਆਤਮਕ ਅਵਸਥਾ ਦੇ ਸੁਆਮੀ, ਨਿਰਭੈ ਪਦ ਨੂੰ ਪ੍ਰਾਪਤ! ਏਹੋ ਰਹੱਸ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਪੰਜ ਸਾਲ ਦੀ ਉਮਰ ਵਿੱਚ ਗੱਦੀ-ਨਸ਼ੀਨ ਹੋਣ,

ਤੇ ਗੁਰੂ ਗੋਬਿੰਦ ਸਿੰਘ ਜੀ ਦੇ ਨੌਂ ਸਾਲ ਦੀ ਉਮਰ ਵਿੱਚ ਗੁਰਤਾ ਸੰਭਾਲਣ ਦੇ ਉਹਲੇ ਵੀ ਵਰਤਦਾ ਹੈ । ਦੂਜੀ ਗੱਲ ਇਹ ਸਪਸ਼ਟ ਹੁੰਦੀ ਹੈ ਕਿ ਗੁਣ ਸਦਾ ਵਿਰਾਸਤ ਵਿੱਚ ਨਹੀਂ ਮਿਲਦੇ । ਗੁਰੂ ਘਰ ਵਿੱਚ ਪੈਦਾ ਹੋ ਕੇ ਵੀ ਕਈ ਸਾਹਿਬਜ਼ਾਦੇ ਦੈਵੀ ਗੁਣਾਂ ਤੋਂ ਵਾਂਝੇ ਰਹਿ ਗਏ । ਉਹਨਾਂ ਨੂੰ ਪੰਥ ਉੱਕਾ ਚੇਤੇ ਨਹੀਂ ਕਰਦਾ । ਪੰਥ ਜਾਂ ਤਾਂ ਉਹਨਾਂ ਸਾਹਿਬਜ਼ਾਦਿਆਂ ਨੂੰ ਸਿਮਰਦਾ ਹੈ ਜੋ ਗੁਰੂ ਪਦਵੀ ਨੂੰ ਪ੍ਰਾਪਤ ਕਰ ਗਏ, ਜਾਂ ਫਿਰ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਨੂੰ, ਜਿਨ੍ਹਾਂ ਸ਼ਹਾਦਤ ਦੀ ਪਰੰਪਰਾ ਨੂੰ ਚਾਰ ਚੰਨ ਲਾਏ । ਜਿਹੜੇ ਸਾਹਿਬਜ਼ਾਦੇ ਗੁਰੂ ਘਰ ਨਾਲ ਈਰਖਾ ਤੇ ਵੈਰ ਭਾਵਨਾ ਕਰਦੇ ਰਹੇ, ਤੇ ਆਪ ਗੱਦੀਆਂ ਲਾ ਕੇ ਬੈਠ ਗਏ, ਉਹਨਾਂ ਨਾਲ, ਤੇ ਗੁਰੂ ਘਰੋਂ ਬੇਮੁਖ ਹੋਏ ਉਹਨਾਂ ਦੇ ਪਿਛਲੱਗਾਂ ਨਾਲ, ਵਰਤਣ ਤੇ ਸਾਂਝ ਪਾਲਣ ਦੀ ਸਿੱਖਾਂ ਨੂੰ ਵਰਜਨਾ ਹੋ ਗਈ । ਕੇਵਲ ਗੁਰੂ ਗੋਬਿੰਦ ਸਿੰਘ ਜੀ ਦੇ ਚੌਹਾਂ ਸਾਹਿਬਜ਼ਾਦਿਆਂ ਦੀ ਪਾਵਨ ਯਾਦ ਨੂੰ ਹੀ ਪੰਥ ਨਿੱਤ ਅਰਦਾਸ ਵਿੱਚ ਤਾਜ਼ਾ ਕਰਦਾ ਹੈ, ਜਿਨ੍ਹਾਂ ਸਿਦਕ ਦਾ ਉੱਚਤਮ ਆਦਰਸ਼ ਨਿਭਾਉਂਦਿਆਂ ਆਪਣੀਆਂ ਜਾਨਾਂ ਲਾ ਦਿੱਤੀਆਂ । ਅਰਦਾਸ ਵਿੱਚ ਉਹਨਾਂ ਦੀ ਯਾਦ ਉਹਨਾਂ ਦੇ ਸਿਦਕ-ਸਿਰੜ ਨੂੰ ਅਵਿਰਲ ਸ਼ਰਧਾਂਜਲੀ ਅਰਪਨ ਕਰਨ ਦਾ ਉਪਰਾਲਾ ਹੈ ।

**ਧੰਨਵਾਦ ਸਾਹਿਤ ਵਿਚੋਂ :- ਅਰਦਾਸ ਦਰਸ਼ਨ ਰੂਪ ਅਭਿਆਸ**

## ਅੰਮ੍ਰਿਤ ਵੇਲੇ ਦਾ ਰੰਗ

**ਭਗਵੰਤ ਸਿੰਘ ਦਲਾਵਰੀ**

**ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥**

**ਸਲੋਕ (ਭ ਕਬੀਰ) - ਅੰਗ ੧੩੭੫**

ਮੈਂ ਕਈ ਵਾਰ ਸੋਚਦਾ ਹੁੰਦਾ ਸੀ ਕਿ ਭਗਤ ਕਬੀਰ ਸਾਹਿਬ ਨੇ ਕਿਸ ਤਰ੍ਹਾਂ ਇਹ ਪਦਵੀ ਪਾ ਲਈ ਕਿ ਉਹ ਆਪ 'ਮੈਂ' ਤੋਂ 'ਤੂੰ' ਹੋ ਗਏ । ਉਨ੍ਹਾਂ ਦੱਸਿਆ ਤਾਂ ਆਪ ਹੀ ਹੈ ਕਿ ਮੈਂ ਤੂੰ ਤੂੰ ਕਰਦਾ ਰਿਹਾ ਤੇ ਮੇਰਾ ਮੈਂਪੁਣਾ ਮੁੱਕ ਗਿਆ ਕਿਉਂਕਿ ਇਹ ਤੁੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਹੈ ਤੇ ਉਹ ਮੇਰੇ ਗੁਰੂ ਹਨ, ਮੇਰੇ ਲਈ ਇਹ ਵੀ ਗੁਰੂ ਦਾ ਬਚਨ ਹੈ ਕਿ ਫਿਰ ਕੀ ਮੈਨੂੰ ਨਹੀਂ ਚਾਹੀਦਾ ਕਿ ਮੈਂ ਵੀ ਇਹੋ ਕੁਝ ਕਰਨ ਦੀ ਕੋਸ਼ਿਸ਼ ਕਰਾਂ । ਪਹਿਲੀ ਗੱਲ ਤਾਂ ਇਹ ਕਿ ਗੁਰੂ ਕਿਰਪਾ ਬਗੈਰ ਇਹ ਸਮਝ ਆ ਹੀ ਨਹੀਂ ਸਕਦੀ, ਪਰ ਜੇ ਗੁਰੂ ਰਹਿਮਤ ਕਰਕੇ ਇਹ ਰੀਝ ਪੈਦਾ ਕਰ ਦੇਵੇ ਤਾਂ ਬੰਦਾ ਕੁਝ ਕਰ ਸਕਦਾ ਹੈ । ਮੈਂ ਕਈ ਵਾਰ ਇਨ੍ਹਾਂ ਵਿਚਾਰਾਂ ਵਿੱਚ ਖੋ ਜਾਂਦਾ ਹਾਂ ਕਿਉਂਕਿ ਮੇਰਾ ਜੀਅ ਕਰਦਾ ਹੈ ਕਿ ਜਿਵੇਂ ਮੈਂ ਕਹਿੰਦਾ ਤੇ ਮੰਨਦਾ ਹਾਂ ਕਿ ਪ੍ਰਭੂ ਤੋਂ ਬਗੈਰ ਮੇਰਾ ਕੋਈ ਵੀ ਮਿੱਤਰ ਨਹੀਂ (ਸਗੋਂ ਮੈਂ ਤਾਂ ਇਹ ਵੀ ਕਹਿੰਦਾ ਹਾਂ ਕਿ He is my most dependable friend, who never lets me down) ਮੈਂ ਆਪਣੇ ਜੀਵਨ ਵਿਚੋਂ ਵੇਖ ਪਾਵਾਂ ਕਿ ਮੈਂ ਹਾਂ ਹੀ ਨਹੀਂ । ਜਦੋਂ

ਭਗਤ ਰਵਿਦਾਸ ਜੀ ਦੀ ਤੁਕ ਪੜ੍ਹੀ ਸੀ "ਜਬ ਹਮ ਹੋਤੇ ਤਬ ਤੂ ਨਾਹੀ" (ਪੰਨਾ ੬੫੭) ਤਾਂ ਪੱਕਾ ਯਕੀਨ ਹੋ ਗਿਆ ਸੀ ਕਿ ਅਸੀਂ ਪ੍ਰਭੂ ਨੂੰ ਮਿਲਣਾ ਚਾਹੁੰਦੇ ਹਾਂ ਤਾਂ ਆਪਣਾ ਆਪ ਮਿਟਾਣਾ ਹੀ ਪਵੇਗਾ । ਸੋ ਇਹ ਰੀਝ ਤਾਂ ਬਣ ਗਈ ਪਰ ਅਉਖੀ ਘਾਟੀ ਬਿਖੜਾ ਪੈਂਡਾ ਹੈ । ਪਰ ਕਿਉਂਕਿ ਗੁਰੂ ਕਿਰਪਾ ਸਦਕਾ ਅੰਮ੍ਰਿਤ ਵੇਲੇ ਰੰਗ ਮਾਣਨ ਦਾ ਆਦੀ ਹਾਂ । ਅੱਜ ਸ੍ਰੀ ਗੁਰੂ ਅਰਜਨ ਦੇਵ ਜੀ ਨੇ iek Outline (ਨਕਸ਼ਾ) ਬਣਾ ਕੇ ਦੱਸਿਆ ਕਿ ਮੇਰੀ ਰੀਝ ਕਿਵੇਂ ਪੂਰੀ ਹੋ ਸਕਦੀ ਹੈ ? ਅੱਜ ਸ੍ਰੀ ਹਰਿਮੰਦਰ ਸਾਹਿਬ ਤੋਂ ਇਹ ਸ਼ਬਦ ਗਾਇਆ ਗਿਆ, ਜੋ ਮੈਂ ਰੇਡੀਓ ਤੇ ਸੁਣਿਆ ਤਾਂ ਭਗਤ ਕਬੀਰ ਸਾਹਿਬ ਯਾਦ ਆ ਗਏ । ਕਿਉਂਕਿ ਸ਼ਬਦ ਪੰਜਵੇਂ ਪਾਤਸ਼ਾਹ ਜੀ ਦਾ ਸੀ ਮੈਂ ਹੈਰਾਨ ਹੋਇਆ ਪਰ ਛੇਤੀ ਹੀ ਅੱਖਾਂ ਵਿੱਚ ਗੁਰੂ ਦੇ ਚਰਨ ਸਮਾ ਗਏ ਤੇ ਮਹਿਸੂਸ ਹੋਣ ਲੱਗਾ ਕਿ ਗੁਰੂ ਮੱਤ ਦੇ ਰਿਹਾ ਹੈ ਕਿ ਕਬੀਰ ਜੀ ਵਾਂਗ ਕਿਵੇਂ ਆਪਾ ਮਿਟਾਣ ਦਾ ਹੀਆ ਕਰ ਸਕਦੇ ਹਾਂ । ਆਪਾ ਮਿਟਾਣ ਦੀ ਗੱਲ ਛੱਡ ਪਹਿਲਾਂ ਪੂਰਨ ਭਰੋਸੇ ਵਿੱਚ ਮੰਨ ਲੈ ਕਿ ਪ੍ਰਭੂ ਬਿਨਾਂ ਨਾ ਤੇਰਾ ਕੋਈ ਮਦਦਗਾਰ ਹੈ ਨਾ ਮਿੱਤਰ, ਨਾ ਹੀ ਕੋਈ ਪਿਆਰ ਕਰਨ ਵਾਲਾ, ਜਾਂ ਤੇਰੇ ਪਿਆਰ ਦਾ ਪਾਤਰ । ਸ਼ਬਦ ਸੀ, "ਤੂੰ ਮੇਰਾ ਸਖਾ ਤੂੰਹੀ ਮੇਰਾ ਮੀਤੁ" (ਪੰਨਾ ੧੮੧) । ਇਕਦਮ ਗੁਰੂ ਦਾ ਕਈ ਬਚਨ ਯਾਦ ਆਏ ਤੇ ਅੰਦਰੋਂ ਪਿਆਰ, ਲਾਚਾਰੀ ਤੇ ਗੁਣਹੀਨਤਾ ਬਾਹਰ ਨਿਕਲਣ ਲੱਗੇ । ਗੁਰੂ ਨੇ ਤਾਂ ਕਿਹਾ ਹੈ –

**ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥**
**ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ ॥**
**ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਣਹਾਰੁ ॥**
**ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ ॥**
**ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ ॥**
**ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ ॥**

**– ਆਸਾ ਕੀ ਵਾਰ (ਮਃ ੧) – ਅੰਗ ੪੬੮**

ਇੱਥੇ ਹੀ ਬਸ ਨਹੀਂ, ਕਹਿ ਦਿੱਤਾ ਕਿ ਪੂਰਾਂ ਦੇ ਪੂਰ ਡੁੱਬ ਗਏ, ਝੂਠੇ ਮੋਹ–ਮਾਇਆ ਵਿੱਚ । ਇਹ ਵੀ ਕਹਿ ਦਿੱਤਾ, ਹੈ ਹੀ ਕੌਣ ਦੋਸਤੀ ਕਰਨ ਲਾਇਕ ਕਿਉਂਕਿ ਸਾਰੀ ਦੁਨੀਆਂ ਚੱਲਣਹਾਰ ਹੈ । ਫੈਸਲਾ ਵੀ ਦੇ ਦਿੱਤਾ "**ਤੁਧੁ ਬਾਝੁ ਕੂੜੋ ਕੂੜ**" । ਐਵੇਂ ਤਾਂ ਸਮਝ ਨਾ ਆਉਂਦੀ ਪਰ ਕਈ ਵਾਰ ਪਰਵਾਰ, ਕਈ ਰਿਸ਼ਤੇ, ਕਈ ਧਨਾਢ, ਕਈ ਰਾਜਨੀਤਕ, ਕਈ ਅਫ਼ਸਰ ਤੇ ਕਈ ਹੋਰ ਦੁਨੀਆਵੀ ਵਡਿਆਈਆਂ ਵਿੱਚ ਲੀਨ ਝੂਠੀ ਸ਼ਾਨ ਵਿੱਚ ਆਕੜਦੇ ਪਰ ਬਾਅਦ ਵਿੱਚ ਜਲੀਲ ਹੁੰਦੇ ਸਾਹਮਣੇ ਆ ਗਏ । ਨਾਲ ਹੀ ਗੁਰੂ ਦੀ ਇਹ ਗੱਲ–

**ਸੁਖੁ ਨਾਹੀ ਬਹੁਤੈ ਧਨਿ ਖਾਟੇ ॥ ਸੁਖੁ ਨਾਹੀ ਪੇਖੇ ਨਿਰਤਿ ਨਾਟੇ ॥**

**ਸੁਖੁ ਨਾਹੀ ਬਹੁ ਦੇਸ ਕਮਾਏ ॥ ਸਰਬ ਸੁਖਾ ਹਰਿ ਹਰਿ ਗੁਣ ਗਾਏ ॥੧॥**
**ਸੂਖ ਸਹਜ ਆਨੰਦ ਲਹਹੁ ॥ ਸਾਧਸੰਗਤਿ ਪਾਈਐ ਵਡਭਾਗੀ**
**ਗੁਰਮੁਖਿ ਹਰਿ ਹਰਿ ਨਾਮੁ ਕਹਹੁ ॥੧॥**

**– ਭੈਰਉ (ਮਃ ੫) – ਅੰਗ ੧੧੪੭**

ਮਨ ਹੋਰ ਦ੍ਰਿੜ੍ਹਤਾ, ਸਹਿਜ ਤੇ ਆਜਜ਼ੀ ਨਾਲ ਗੁਰੂ ਨੂੰ ਮਿੱਤਰ ਤੇ ਸਖਾ ਮੰਨ ਕੇ ਅਗਲੀਆਂ ਤੁਕਾਂ ਸੁਣਨ ਲੱਗਾ। ਅੰਮ੍ਰਿਤ ਵੇਲੇ ਦਾ ਪ੍ਰਭਾਵ ਹੀ ਐਸਾ ਹੁੰਦਾ ਹੈ ਕਿ ਗੁਰੂ ਅੰਮ੍ਰਿਤ ਵੰਡਦਾ ਹੈ ਪ੍ਰੇਮ ਨਾਲ ਤੇ ਸਿੱਖ ਧਿਆਨ ਨਾਲ ਸ਼ਬਦ ਵਿੱਚ ਆਪਣੀ ਸੁਰਤ ਜੋੜ ਲਏ ਤਾਂ ਰੰਗ ਬੱਝ ਜਾਂਦਾ ਹੈ। ਜਦੋਂ ਅਗਲਾ ਸ਼ਬਦ ਗਾਇਆ, **ਤੂੰ ਮੇਰਾ ਪ੍ਰੀਤਮੁ ਤੁਮ ਸੰਗਿ ਹੀਤੁ ॥ਗਉੜੀ (ਮਃ ੫) – ਅੰਗ ੧੮੧** ਤਾਂ ਮੇਰਾ ਜੀਅ ਉਮੜ ਕੇ ਗੁਰੂ ਚਰਨਾਂ ਨੂੰ ਲਿਪਟਣ ਲਈ ਤੜਪਨ ਲੱਗਾ। ਸੱਚਮੁਚ 10-10-70 ਤੋਂ ਪਹਿਲਾਂ ਨਾ ਮੈਨੂੰ ਕੋਈ ਇਤਨਾ ਪਿਆਰਾ ਲੱਗਾ ਤੇ ਨਾ ਹੀ ਮੈਂ ਕਿਸੇ ਨੂੰ ਇਤਨਾ ਪਿਆਰ ਦੇ ਕੇ ਆਪਣੇ ਆਪ ਨੂੰ ਤੁੱਛ ਮੰਨਿਆ ਸੀ। ਸਾਹਿਬ ਕਹਿਣ ਲੱਗੇ ਤੂੰ ਹੀ ਮੇਰੀ ਪਤਿ ਹੈ ਤੇ ਤੂੰ ਹੀ ਮੇਰਾ ਗਾਇਣ ਹੈ। ਸਮਝ ਆ ਗਈ ਕਿ ਜੇ ਆਪਣਾ ਮਨ ਤੂੰ ਹੀ, ਮੈਂ ਨਾਹੀ ਅਨੁਭਵ ਕਰਨਾ ਚਾਹੁੰਦਾ ਹੈ ਤਾਂ ਪਹਿਲਾਂ ਸਭ ਕੁਝ ਤੁਹੀ ਤੁਹੀ ਸਮਝਣਾ ਪਵੇਗਾ। ਅਸੀਂ ਤਾਂ ਸਮਝਦੇ ਹਾਂ ਸਾਡੀ ਇੱਜ਼ਤ ਸਾਡੀ ਵੱਡੀ ਨੌਕਰੀ ਕਰ ਕੇ ਹੈ, ਜਾਂ ਸਾਡੀ ਦੌਲਤ ਕਰਕੇ, ਜਾਂ ਸਾਡੀ ਮੋਟਰ ਕਰਕੇ ਜਾਂ ਸਾਡੇ ਮਕਾਨ ਕਰਕੇ ਹੈ। ਸੋ ਗੁਰੂ ਸਮਝਾਂਦਾ ਹੈ ਪਹਿਲਾਂ ਇਹ ਕਰ ਕਿ ਪ੍ਰਭੂ ਨੂੰ ਹੀ ਸਭ ਕੁਝ ਸਮਝ ਲੈ। ਅਸੀਂ ਜਾਣਦੇ ਹਾਂ ਕਿਤਨੇ ਲੋਕ ਗੁਰੂ ਦੇ ਹੁਕਮਾਂ ਦੀ ਉਲੰਘਣਾ ਕਰਕੇ ਬਿਊਟੀ ਪਾਰਲਰ ਵਿਚੋਂ ਆਪਣੀ ਸਜਾਵਟ ਕਰਾਕੇ ਸਮਝਦੇ ਹਨ, ਅਸੀਂ ਸੁਹਣੇ ਬਣ ਗਏ ਹਾਂ ਤੇ ਸਫੈਦ ਦਾੜ੍ਹੀ ਕਾਲੀ ਕਰ ਕੇ ਸਮਝਦੇ ਹਾਂ ਅਸੀਂ ਹੁਣ ਬੁੱਢੇ ਨਹੀਂ ਜਵਾਨ ਹਾਂ। ਜਦੋਂ ਮਨਮਤਿ ਘੇਰ ਲਏ, ਇਹ ਕਿਵੇਂ ਹੋ ਸਕਦਾ ਹੈ ਕਿ ਉਨ੍ਹਾਂ ਨੂੰ ਪ੍ਰਭੂ ਦੀ ਹਜ਼ੂਰੀ ਦਾ ਅਹਿਸਾਸ ਹੋਵੇ। ਪਰ ਗੁਰੂ ਕਹਿੰਦਾ ਹੈ, ਐਸੀ ਹਜ਼ੂਰੀ ਹੈ ਇੱਕ ਨਿਮਖ ਉਹਦੇ ਬਗੈਰ ਜੀਣਾ ਮੁਸ਼ਕਲ ਹੋ ਜਾਏ। ਇੱਕ ਹੋਰ ਥਾਂ ਤਾਂ ਗੁਰੂ ਨੇ ਕਿਹਾ ਹੈ ਕਿ ਜੇ ਇੱਕ ਤਿਲ ਪਿਆਰਾ ਵਿਸਰ ਜਾਏ ਤਾਂ ਇਹ ਜਾਪਦਾ ਹੈ ਕਿ ਕੋਈ ਵੱਡਾ ਰੋਗ ਚਿਮਟ ਗਿਆ ਹੈ। ਹੋਰ ਵੇਖੋ, ਗੁਰੂ ਦੀ ਗੱਲ–

**ਇਕੁ ਤਿਲੁ ਪਿਆਰਾ ਵਿਸਰੈ ਭਗਤਿ ਕਿਨੇਹੀ ਹੋਇ ॥**

**ਸਿਰੀਰਾਗੁ (ਮਃ ੩) – ਅੰਗ ੩੫**

ਮਤਲਬ ਇਹ ਕਿ ਜੇ ਭਗਤੀ ਕਰਕੇ ਗੁਰੂ ਨੂੰ ਖੁਸ਼ ਕਰਨਾ ਚਾਹੁੰਦੇ ਹਾਂ ਤਾਂ ਇੱਕ ਨਿਮਖ ਵੀ ਉਸਨੂੰ ਵਿਸਾਰ ਨਹੀਂ ਸਕਦੇ। ਜੇ ਵਿਸਰ ਜਾਏ ਤਾਂ ਭਗਤੀ ਕਾਹਦੀ ?

ਕੀ ਫਿਰ ਸਪਸ਼ਟ ਨਹੀਂ ਕਿ "ਤੂ ਹੀ ਤੂ ਹੀ" ਮੰਨਣਾ ਇੱਕ ਪੂਰੀ ਜ਼ਰੂਰਤ ਹੈ

ਆਪਣਾ ਆਪ ਮਿਟਾਣ ਲਈ, ਪਰ ਆਪਣਾ ਆਪ ਮਿਟਾਣ ਪਿੱਛੇ ਇੱਕ ਖ਼ੂਬਸੂਰਤ ਹੋਂਦ ਹੈ, ਅੰਦਰੋਂ ਖੇੜਾ ਉਪਜਦਾ ਹੈ, ਆਪਣਾ ਆਪ ਨਿਰਮਲ ਹੁੰਦਾ ਹੈ ਤੇ ਆਪਣਾ ਆਪ ਮਿਟਾਣ ਨਾਲ ਗੁਰੂ ਦਾ ਮਾਣ-ਤਾਣ ਹੋਰ ਮਜ਼ਬੂਰ ਕਰ ਦਿੰਦਾ ਹੈ ।

ਪੂਰੀ ਨਿਰਮਾਣਤਾ ਇਸ ਤੋਂ ਪ੍ਰਗਟ ਹੁੰਦੀ ਹੈ ਕਿ ਬੰਦਾ ਨਾ ਸ਼ਿਕਾਇਤ ਕਰੇ, ਨਾ ਬੁਰਾ ਮਨਾਏ ਨਾ ਹੀ ਨਿੰਮੋਝੂਣ ਹੋਵੇ, ਸਗੋਂ ਸ਼ੌਕ ਨਾਲ ਕਹਿ ਦੇਵੇ, **ਜਿਉ ਤੁਮ ਰਾਖਹੁ ਤਿਵ ਹੀ ਰਹਨਾ ॥ ਜੋ ਤੁਮ ਕਹਹੁ ਸੋਈ ਮੋਹਿ ਕਰਨਾ ॥- ਗਉੜੀ (ਮਃ ੫) - ਅੰਗ ੧੮੧** ਮਤਲਬ, ਮੇਰੇ ਪਿਆਰੇ ਪ੍ਰਭੂ ਜਿਸ ਤਰ੍ਹਾਂ ਵੀ ਆਪ ਰਖੋਗੇ ਮੈਂ ਰਹਾਂਗਾ ਤੇ ਜੋ ਕੁਝ ਵੀ ਤੁਸੀਂ ਮੇਰੇ ਕੋਲੋਂ ਕਰਾਣਾ ਚਾਹੋਗੇ ਮੈਂ ਕਰਾਂਗਾ । ਮੇਰੀ ਮਰਜ਼ੀ ਹੀ ਕੋਈ ਨਹੀਂ । ਮੈਂ ਆਪਦੀ ਰਜ਼ਾ ਵਿੱਚ ਰਾਜ਼ੀ ਰਵਾਂਗਾ ਸਗੋਂ ਇਸ ਤੋਂ ਅੱਗੇ ਭਗਤ ਕਬੀਰ ਜੀ ਵਾਂਗ, ਜੋ ਕਹਿੰਦੇ ਹਨ,

**ਦੁਇ ਦੁਇ ਲੋਚਨ ਪੇਖਾ ॥ ਹਉ ਹਰਿ ਬਿਨੁ ਅਉਰੁ ਨ ਦੇਖਾ ॥**
**ਸੋਰਠਿ (ਭ. ਕਬੀਰ) - ਅੰਗ ੬੫੫**

ਮੈਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹੁਕਮ ਮੁਤਾਬਕ

**ਜਹ ਪੇਖਉ ਤਹਾ ਤੁਮ ਬਸਨਾ॥ ਨਿਰਭਉ ਨਾਮੁ ਜਪਉ ਤੇਰਾ ਰਸਨਾ" ॥੨॥**
**- ਗਉੜੀ (ਮਃ ੫) - ਅੰਗ ੧੮੧**

ਜਿਧਰ ਵੀ ਵੇਖਾਂ ਤੁਸੀਂ ਦਿਸੋ ਤੇ ਇਸ ਮਸਤੀ ਵਿੱਚ ਜ਼ਬਾਨ ਨਾਲ ਤੇਰਾ ਨਾਮ ਜਪਦਾ ਰਵਾਂ । ਜਦ ਅਸੀਂ ਛੋਟੇ ਹੁੰਦੇ ਸਾਂ ਇੱਕ ਸ਼ੇਅਰ ਸੁਣਿਆ ਸੀ, "ਜਿਧਰ ਦੇਖਤਾ ਹੂੰ ਉਧਰ ਤੂੰ ਹੀ ਤੂੰ ਹੈ" ।

**"ਤੂੰ ਮੇਰੀ ਨਵ ਨਿਧਿ ਤੂੰ ਭੰਡਾਰੁ ॥ ਰੰਗ ਰਸਾ ਤੂੰ ਮਨਹਿ ਅਧਾਰੁ ॥**
**ਗਉੜੀ (ਮਃ ੫) - ਅੰਗ ੧੮੧**

ਲੋਕ ਦੌਲਤ ਮਗਰ ਦੌੜਦੇ ਹਨ ਤੇ ਦੌਲਤ ਜਮ੍ਹਾ ਕਰਦੇ ਹਨ ਪਰ ਮੈਂ ਇਨ੍ਹਾਂ ਤੁਕਾਂ ਨੂੰ ਅੰਦਰ ਵਾੜ ਕੇ ਦੇਖਦਾ ਹਾਂ ਸੱਚਮੁਚ ਵਾਹਿਗੁਰੂ, ਅਸਲ ਵਿੱਚ ਤਾਂ ਤੂੰ ਹੀ ਸਭ ਤੋਂ ਵੱਡਾ ਖਜ਼ਾਨਾ ਮੇਰਾ ਹੈ ਕਿਉਂਕਿ ਜਦੋਂ ਤੂੰ ਹੈ ਤਾਂ ਸਭ ਕੁਛ ਹੈ । ਮੈਨੂੰ ਯਾਦ ਆਉਂਦਾ ਹੈ ਕਿ ਸਾਹਿਬ ਕਹਿੰਦੇ ਹਨ, "

**ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ ॥**
**ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ ॥**
**ਮਿਤ੍ਰ ਨ ਇਠ ਧਨ ਰੂਪ ਹੀਣ ਕਿਛੁ ਸਾਕੁ ਨ ਸਿੰਨਾ ॥**
**ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥**
**- ਜੈਤਸਰੀ ਕੀ ਵਾਰ (ਮਃ ੫) - ਅੰਗ ੭੦੭**

ਅਤੇ, ਹੋਰ,

"ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ" ॥

ਸੋਰਠਿ ਕੀ ਵਾਰ (ਮਃ ੩) – ਅੰਗ ੬੪੯

ਜਦ ਅਸੀਂ ਆਪਣਾ ਆਪ ਪ੍ਰਭੂ ਤੋਂ ਵਾਰ ਦੇਂਦੇ ਹਾਂ ਅਤੇ ਆਪਣੇ ਆਪ ਨੂੰ ਗੁਰੂ ਦੇ ਅਰਪਣ ਕਰ ਦੇਂਦੇ ਹਾਂ ਤਾਂ ਅਸਲ ਵਿੱਚ ਅਸੀਂ ਉਸਦੇ ਖਜ਼ਾਨਿਆਂ ਦੇ ਉਤਰਾਧਿਕਾਰੀ ਵੀ ਬਣ ਜਾਂਦੇ ਹਾਂ। ਵੇਖੋ, ਗੁਰੂ ਨੇ ਆਪ ਕਿਹਾ ਸੀ,

"ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ ॥
ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ" ॥

– ਮਾਰੂ ਵਾਰ:੨ (ਮਃ ੫) – ਅੰਗ ੧੦੯੬

ਜਦੋਂ ਗੁਰੂ ਦੇ ਅਖੁਟ ਭੰਡਾਰਿਆਂ ਤੇ ਨਜ਼ਰ ਪੈਂਦੀ ਹੈ ਤਾਂ ਆਪਣੇ ਆਪ ਦੁਨੀਆਂ ਵਲੋਂ ਦਿਲ ਮੁੜ ਜਾਂਦਾ ਹੈ, ਸਭ ਰਸ ਦੁਨੀਆਂ ਦੇ ਫਿੱਕੇ ਪੈ ਜਾਂਦੇ ਹਨ ਤੇ ਅਸਲੀਅਤ ਪ੍ਰਗਟ ਹੋਣ ਲੱਗਦੀ ਹੈ,

"ਹਰਿ ਬਿਨੁ ਕਛੂ ਨ ਲਾਗਈ ਭਗਤਨ ਕਉ ਮੀਠਾ ॥
ਆਨ ਸੁਆਦ ਸਭਿ ਫੀਕਿਆ ਕਰਿ ਨਿਰਨਉ ਡੀਠਾ" ॥

– ਜੈਤਸਰੀ ਕੀ ਵਾਰ (ਮਃ ੫) – ਅੰਗ ੭੦੮

ਸਗੋਂ ਗੁਰੂ ਦੀ ਗੱਲ ਭਰੋਸੇਯੋਗ ਹੋ ਕੇ ਆਪਣੇ ਅਨੁਭਵ ਵਿੱਚ ਆ ਜਾਂਦੀ ਹੈ,

"ਮਾਈ ਮੇਰੇ ਮਨ ਕੋ ਸੁਖੁ ॥ ਕੋਟਿ ਅਨੰਦ ਰਾਜ ਸੁਖੁ ਭੁਗਵੈ ਹਰਿ
ਸਿਮਰਤ ਬਿਨਸੈ ਸਭ ਦੁਖੁ" ॥੧॥ ਰਹਾਉ ॥

– ਟੋਡੀ (ਮਃ ੫) – ਅੰਗ ੭੧੨

ਜਦ ਆਪਣਾ ਆਪ ਮਿਟਾਣ ਵਿੱਚ ਸੁੱਖ ਹੈ, ਅਨੰਦ ਹੈ, ਰਾਜ ਹੈ, ਪ੍ਰੇਮ ਹੈ, ਸਾਰੀ ਦੁਨੀਆਂ ਆਪਣੀ ਹੋ ਜਾਂਦੀ ਹੈ, ਕੋਈ ਵੈਰੀ ਨਹੀਂ ਰਹਿੰਦਾ, ਸਗੋਂ ਵੈਰੀ ਵੀ ਮਿੱਤਰ ਬਣ ਜਾਂਦੇ ਹਨ ਤਾਂ ਕਿਉਂ ਨਾ ਬੰਦਾ ਤਰਲਾ ਲਵੇ, ਸਾਹਿਬਾ ਮੈਨੂੰ ਵੀ 'ਕੁਝ ਨਹੀਂ" ਬਣਾ ਦੇ। ਭਗਤ ਸਧਨਾ ਜੀ ਵਾਂਗ ਆਪ ਹੀ ਅਰਦਾਸ ਕਰੀਏ,

"ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ ॥
ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ" ॥੪॥੧॥

– ਬਿਲਾਵਲੁ (ਭ. ਸਧਨਾ) – ਅੰਗ ੮੫੮

ਕੋਈ ਐਸਾ ਸਿਦਕੀ ਭਗਤ ਸਧਨਾ ਜੀ ਵਰਗਾ ਹੀ ਕਹਿ ਸਕਦਾ ਹੈ,

"ਤਵ ਗੁਨ ਕਹਾ ਜਗਤ ਗੁਰਾ ਜਉ ਕਰਮੁ ਨ ਨਾਸੈ ॥

**ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ" ॥੧॥**

**- ਬਿਲਾਵਲੁ (ਭ. ਸਧਨਾ) - ਅੰਗ ੮੫੮**

ਕਰਮਾਂ ਨੂੰ ਗਿੱਦੜ੍ਹ ਕਹਿ ਕੇ ਪ੍ਰਭੂ ਦੀ ਸ਼ਰਨ ਨੂੰ ਸ਼ੇਰ ਦੀ ਸ਼ਰਨ ਸਮਝ ਕੇ ਕਹਿੰਦਾ ਹੈ, ਕੀ ਤੂੰ ਕਰਮ ਸਾੜ ਨਹੀਂ ਸਕਦਾ। ਉਹ ਰਵਿਦਾਸ ਭਗਤ ਜਿਹੜਾ ਪਹਿਲਾਂ ਪ੍ਰੇਮਾ ਭਗਤੀ ਵਿੱਚ ਕਹਿੰਦਾ ਹੈ,

**"ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ ॥**
**ਪ੍ਰੇਮੁ ਜਾਇ ਤਉ ਡਰਪੈ ਤੇਰੋ ਜਨੁ" ॥੧॥**

**- ਆਸਾ (ਭ. ਰਵਿਦਾਸ) - ਅੰਗ ੪੮੬**

ਜਿਹੜਾ ਪ੍ਰੇਮ ਲਈ ਆਪਣਾ ਆਪ ਮਾਰਨ ਲਈ ਹੀ ਨਹੀਂ ਬਲਕਿ ਮਰਨ ਨੂੰ ਤਿਆਰ ਹੈ, ਉਹ ਅੱਗੇ ਚੱਲ ਕੇ ਇਤਨਾ ਲਾਭ ਵੀ ਕਰ ਸਕਦਾ ਹੈ -

**"ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ ॥**
**ਪਤਿਤ ਪਾਵਨ ਨਾਮੁ ਕੈਸੇ ਹੁੰਤਾ" ॥੧॥ ਰਹਾਉ ॥**

**- ਸਿਰੀਰਾਗੁ (ਭ. ਰਵਿਦਾਸ) - ਅੰਗ ੯੩**

ਅਰਥਾਤ, ਜੇ ਮੈਂ ਪਾਪ ਨਾ ਕਰਦਾ ਤਾਂ ਤੈਨੂੰ ਪਤਿਤ ਪਾਵਨ ਕਿਸ ਨੇ ਕਹਿਣਾ ਸੀ, ਅਤੇ

**"ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ ॥**
**ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧ" ॥੧॥**

**- ਸੋਰਠਿ (ਭ. ਰਵਿਦਾਸ) - ਅੰਗ ੬੫੮**

ਵੇਖ ਪ੍ਰਭੂ ਜਦੋਂ ਅਸੀਂ ਫਸੇ ਹੋਏ ਸੀ ਮੋਹ ਵਿੱਚ ਤਾਂ ਅਸੀਂ ਤੇਰਾ ਨਾਮ ਜਪ ਕੇ ਛੁੱਟ ਗਏ ਇਸ ਬੰਧਨ ਚੋਂ ; ਹੁਣ ਅਸਾਂ ਤੈਨੂੰ ਪਿਆਰ ਨਾਲ ਆਪਣਾ ਬਣਾ ਲਿਆ ਹੈ, ਹੁਣ ਤੂੰ ਕਰ ਲੈ ਜਤਨਮੇਰੇ ਕੋਲੋਂ ਛੁਟਣ ਦਾ, ਮੈਂ ਤਾਂ ਤੈਨੂੰ ਨਹੀਂ ਛੱਡਣਾ।

ਇਹ ਖੇਡ ਹੀ ਨਿਆਰੀ ਹੈ। ਜਦੋਂ ਅਸੀਂ ਨੀਚ ਬਣਦੇ ਹਾਂ ਉੱਚੇ ਪ੍ਰਭੂ ਨਾਲ ਲਿਵ ਲੱਗ ਜਾਂਦੀ ਹੈ ਕਿਉਂਕਿ ਉਹ ਹੈ ਹੀ ਗਰੀਬ ਨਿਵਾਜ਼, ਨਿਮਾਣਿਆਂ ਦਾ ਮਾਣ, ਨਿਤਾਣਿਆਂ ਦਾ ਤਾਣ। ਪਰ ਇੱਕ ਗੱਲ ਯਾਦ ਰਵ੍ਹੇ, ਦਿਖਾਵੇ ਦੀ ਨਿਮਰਤਾ, ਦਿਖਾਵੇ ਦਾ ਪ੍ਰੇਮ, ਦਿਖਾਵੇ ਦਾ ਕੁਝ ਵੀ ਸਾਹਿਬ ਨਾਲ ਨਹੀਂ ਚੱਲਦਾ ਕਿਉਂਕਿ,

**ਜਾਨਨਹਾਰ ਪ੍ਰਭੂ ਪਰਬੀਨ ॥ ਬਾਹਰਿ ਭੇਖ ਨ ਕਾਹੂ ਭੀਨ ॥**

**ਗਉੜੀ ਸੁਖਮਨੀ (ਮਃ ੫) - ਅੰਗ ੨੬੯**

**ਚਲਦਾ...**

# ਗਤੀਵਿਧੀਆਂ

1. ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੂਰਬ

ਸ੍ਰੀ ਸਹਿਜ ਪਾਠਾਂ ਦੀ ਲੜੀ ਦੀ ਸਮਾਪਤੀ :- ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਵਲੋਂ ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਸਾਲਾਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ੍ਰੀ ਸਹਿਜ ਪਾਠਾਂ ਦੀ ਲੜੀ ਜੋ ਕਿ 17-11-2018 ਤੋਂ ਆਰੰਭ ਕੀਤੀ ਗਈ ਸੀ ਇਸ ਲੜੀ ਦੀ ਸਮਾਪਤੀ 03-11-2019 ਨੂੰ ਹੋਈ ਜਿਸ ਵਿੱਚ 31 ਸ੍ਰੀ ਸਹਿਜ ਪਾਠਾਂ ਦੇ ਭੋਗ ਪਾਏ ਗਏ। ਇਸ ਸੰਪੂਰਨ ਲੜੀ ਵਿੱਚ 100 ਤੋਂ ਵੱਧ ਸਹਿਜਪਾਠਾਂ ਦੇ ਭੋਗ ਪਾਏ ਗਏ।

ਇਸੇ ਹੀ ਸਮਾਗਮਾਂ ਵਿੱਚ ਇੱਕ ਸੰਗਤਾਂ ਦਾ ਪ੍ਰਸ਼ਨੋਤਰੀ ਮੁਕਾਬਲਾ ਕਰਵਾਇਆ ਗਿਆ ਜਿਸ ਵਿੱਚ ਸੰਗਤਾਂ ਤੋਂ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਬੰਧ ਵਿਚ ਸੋਸਾਇਟੀ ਵਲੋਂ ਛਾਪੀਆਂ ਗਈਆ ਪੁਸਤਕਾ ਵਿੱਚੋਂ ਪ੍ਰਸ਼ਨ ਪੁੱਛੇ ਗਏ ਜਿਸ ਦਾ ਸੰਗਤਾਂ ਨੇ ਬੜੇ ਉਤਸ਼ਾਹ ਨਾਲ ਜਵਾਬ ਦਿੱਤੇ। ਸੰਗਤਾਂ ਨੂੰ ਮੌਕੇ ਤੇ ਹੀ ਵਿਸ਼ੇਸ਼ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ।

ਇਨਾਮ ਦੇਣ ਦੀ ਸੇਵਾ ਸੋਸਾਇਟੀ ਦੇ ਮੁੱਖ ਸੇਵਾਦਾਰ ਸ. ਇੰਦਰਜੀਤ ਸਿੰਘ, ਜਨਰਲ ਸਕੱਤ੍ਰ ਨਰਿੰਦਰ ਬੀਰ ਸਿੰਘ, ਡਾਇਰੈਕਟਰ ਐਜੂਕੇਸ਼ਨ ਡਾ. ਕੰਵਲਜੀਤ ਸਿੰਘ ਸਲੂਜਾ ਜੀ, ਮੈਂਬਰ ਮੋਹਿੰਦਰ ਸਿੰਘ (ਸਤਨਾਮ ਸਿੰਘ) ਆਦਿ ਨੇ ਨਿਭਾਈ।

**ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਗੁਰਮਤਿ ਸਮਾਗਮ :-**

ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਗੁਰਮਤਿ ਪ੍ਰਸਾਰ ਭਵਨ ਵਿਖੇ ਮਿਤੀ 16-11-2019 (ਸ਼ਨੀਵਾਰ) ਨੂੰ ਸ਼ਾਮ 6.30 ਵਜੇ ਤੋਂ 9.30 ਵਜੇ ਤੱਕ ਗੁਰਮਤਿ ਸਮਾਗਮ ਹੋਏ। ਜਿਸ ਵਿੱਚ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਗਏ , ਕੀਰਤਨ ਦੀ ਸੇਵਾ ਗੁਰਮਤਿ ਪ੍ਰਸਾਰ ਟ੍ਰੇਨਿੰਗ ਇੰਨਸਟੀਚਿਊਟ ਦੇ ਵਿਦਿਆਰਥੀਆਂ ਨੇ ਤੇ ਕਥਾ ਦੀ ਸੇਵਾ ਭਾਈ ਸੁਰਜੀਤ ਸਿੰਘ ਅਤੇ ਪ੍ਰਿੰਸੀਪਲ ਨਰਿੰਦਰ ਬੀਰ ਸਿੰਘ ਨੇ ਨਿਭਾਈ।ਸਮਾਪਤੀ ਤੇ ਗੁਰੂ ਕੇ ਲੰਗਰ ਅਤੁੱਟ ਵਰਤੇ।

## ਦਸੰਬਰ ਮਹੀਨੇ ਦੇ ਸਮਾਗਮ:-

1. ਨਾਨਕਸ਼ਾਹੀ ਜੰਤਰੀ ਅਨੁਸਾਰ ਮੱਘਰ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ ਮਿਤੀ 16-12-2019 ਦਿਨ ਸੋਮਵਾਰ ਸ਼ਾਮ ਨੂੰ 6.30 ਤੋਂ 9.00 ਵਜੇ ਤੱਕ ਦੇ ਵਿਸ਼ 'ਪੋਖਿ ਤੁਖਾਰੁ ਨਾ ਵਿਆਪਈ ਕੰਠਿ ਮਿਲਿਆ ਹਰਿ ਨਾਹ ॥' ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ, ਛੱਜੂ ਮਾਜਰਾਂ ਰੋਡ,ਸਾਹਮਣੇ ਸੰਨੀ ਇਨਕਲੇਵ ਮੁੰਡੀ ਖਰੜ ਵਿਖੇ ਆਯੋਜਿਤ ਕੀਤਾ ਜਾਵੇਗਾ।ਸਮਾਪਤੀ ਤੇ ਗੁਰੂ ਕੇ ਲੰਗਰ ਅਤੁੱਟ ਵਰਤਣਗੇ

# ਗੁਰਮਤਿ ਪ੍ਰਸਾਰ ਮੈਡੀਕਲ ਸੇਵਾ ਸੈਂਟਰ

**ਐਸੋਸੀਏਟਸ: ਸੇਵਕਸ ਚੈਰੀਟੇਬਲ ਟ੍ਰੱਸਟ (ਰਜਿ.) ਚੰਡੀਗੜ੍ਹ**

HELP NEEDY

ਸੋਸਾਇਟੀ ਵਲੋਂ ਚਲਾਏ ਜਾ ਰਹੇ ਮੈਡੀਕਲ ਸੇਵਾ ਸੈਂਟਰ ਵਿਚ ਦਿਤੀਆਂ ਜਾ ਰਹੀਆਂ ਸੇਵਾਵਾਂ ਦਾ ਸੰਗਤਾਂ ਭਰਵਾਂ ਲਾਭ ਉਠਾ ਰਹੀਆਂ ਹਨ। ਨਵੰਬਰ 2019 ਮਹੀਨੇ ਦੇ ਅੰਕੜੇ ਇਸ ਪ੍ਰਕਾਰ ਹਨ।

| | Name of Deptt. | No. of Patients | | |
|---|---|---|---|---|
| | | New | Old | Total |
| 1 | General Medical | 58 | 131 | 189 |
| 2 | Eye | 18 | 32 | 50 |
| 3 | E.N.T. | 07 | 19 | 26 |
| 3 | Cardiology | 04 | 39 | 43 |
| 4 | Dental | 27 | 95 | 122 |
| 5 | Gynaecology | 11 | 47 | 58 |
| 6 | Homoeopathy | 29 | 334 | 363 |
| | Total | 154 | 697 | 851 |
| | Laboratory | 162 | | 162 |

## ਧੰਨਵਾਦ :

## ਨਵੰਬਰ 2019 ਦੌਰਾਨ ਪ੍ਰਾਪਤ ਸਹਾਇਤਾ ਦਾ ਵੇਰਵਾ:-

| | | |
|---|---|---|
| 1. | S. Avtar Singh Chugh # 871/Phase- 7/Mohali | 1,100/- |
| 2. | S. Daljit Singh #474/Phase- 3BI/Mohali | 1,000/- |
| 3. | Sh. Ved Parkash Dhawan # 481/Phase-3BI | 1,000/- |
| 4. | Bibi Jasbir Kaur # 100/Phase-3BI/Mohali | 10,000/- |
| 5. | Dr. Jagjit Singh # 25/Phase- 7/Mohali | 10,000/- |
| 6. | Bibi Manmohan Kaur # 941/Phase-IV/Mohali | 10,000/- |
| 7. | Senior Citizen Club/Ludhiana | 500/- |
| 8. | S. Harjinder Singh / Mundi Kharar | 500/- |
| 9. | S. Darshan Singh / Mundi Kharar | 100/- |
| 10. | S. Inderjit Singh# 3525/Sector-38D/Chd | 500/- |
| 11. | S. Amardeep Singh Sandhu S/O S. Gurcharan Singh Sandhu # 710, PSB Officer/Sector-49A/ Chd | 20,000/- |
| 12. | S. Harjinder Singh # 12/Sunny Enclave/M.K | 500/- |
| 13. | S. D.P Singh #393/Phase- 9/Mohali | 1,200/- |
| 14. | Banga Studio | 1,100/- |
| 15. | Bibi Rajinder Kaur # 345/Sector-15A/Chd | 5,000/- |
| 16. | Bibi Surjit Kaur #1444/Sector- 34C/Chd | 2,500/- |
| 17. | S. Narinder Bir Singh #1444/Sector- 34C/Chd | 2,500/- |
| 18. | S. Trilochan Singh #1600/Sector- 34D/Chd | 20,000/- |
| 19. | S. Sarbjit Singh #49A/Comfort Homes/Kharar | 3,500/- |
| 20. | S. Manohar Singh Makkar #283/ Sector- 37A | 1,000/- |
| 21. | Bibi Hardeep Kaur Saluja#53/Sec70/Mohali | 15,000/- |
| 22. | S. Surjit Singh #589/Silver Enclave/Kharar | 500/- |
| 23. | Bibi Sangma Kaur #461/Sec 44A/Chd | 1,000/- |
| 24. | S. Amarpartap Singh #461/Sec 44A/Chd | 1,000/- |
| 25. | Bibi Rajleen Kaur #836/Phase II/Mohali | 500/- |
| 26. | Bibi. Harleen Kaur Sarna #107G, Shivalik Vihar Naya Goan, Mohali | 500/- |
| 27. | Bibi Harpreet Kaur #461/Sec 44A/Chd | 1,000/- |
| 28. | S. Harsharnpal Singh Bhatia #461/Sec. 44A | 1,000/- |
| 29. | Bibi Gurdeep Kaur #461/Sec. 44A/Chd | 1,000/- |
| 30. | S. Dhanwant Singh #447/Phase- 4/Mohali | 1,000/- |
| 31. | S. Satnam Singh/ Mundi Kharar | 100/- |
| 32. | S. Harjinder Singh/ Mundi Kharar | 150/- |
| 33. | S. Mandeep Singh/ Mundi Kharar | 101/- |
| 34. | S. Darshan Singh/ Mundi Kharar | 200/- |
| 35. | S. Amarjit Singh/ Mundi Kharar | 100/- |
| 36. | S. Lovepreet Singh/ Mundi Kharar | 100/- |
| 37. | S. Jagjit Singh/ Mundi Kharar | 100/- |
| 38. | S. Surjit Singh/ Mundi Kharar | 200/- |
| 39. | S. Naunihal Singh/ Mundi Kharar | 500/- |
| 40. | Bibi Harinder Kaur #287/Sector- 3A/Chd | 500/- |
| 41. | Bibi Satwant Kaur # 287/Phase-3A/Mohali | 250/- |
| 42. | Bibi Raminder Kaur/Mohali | 100/- |
| 43. | S. Gurbachan Singh Makin #1585/Sector-34D | 10,000/- |
| 44. | S. Tarandeep Singh Sachar # EA-136/Maya Enclave/New Delhi | 1,000/- |
| 45. | S. M.S. Chahal I.A.S.#460/Sector-37A/Chd | 2,100/- |
| 46. | S. Manjit Singh Sawhney #1551/Ph10 | 1,100/- |

**ਬੇਨਤੀ**

ਆਪਣੇ ਦਸਵੰਧ ਵਿੱਚੋਂ ਵੱਧ ਤੋਂ ਵੱਧ ਮਾਇਆ ਸੋਸਾਇਟੀ ਦੇ ਕਾਰਜਾਂ ਲਈ ਭੇਜ ਕੇ ਗੁਰਮਤਿ ਪ੍ਰਸਾਰ ਵਿੱਚ ਯੋਗਦਾਨ ਪਾਓ ਤੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ। ਮਾਇਆ ਚੈੱਕ ਰਾਹੀਂ ਵੀ ਭੇਜੀ ਜਾ ਸਕਦੀ ਹੈ। ਸੋਸਾਇਟੀ ਦਾ SB A/c No.07111000004108, IFS Code: PSIB0000711 PAN No. AAATG4268N ਪੰਜਾਬ ਐਂਡ ਸਿੰਧ ਬੈਂਕ, ਸੈਕਟਰ 36, ਚੰਡੀਗੜ੍ਹ ਵਿਖੇ ਹੈ ਜੀ। ਸੋਸਾਇਟੀ ਨੂੰ ਭੇਜੀ ਗਈ ਮਾਇਆ ਤੇ Income Tax ਦੀ ਧਾਰਾ 80-G ਦੇ ਅੰਤਰਗਤ ਛੋਟ ਉਪਲਬਧ ਹੈ।